ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

# Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/19489958212453/

YouTube https://youtu.be/LQwolgxDu7l

awazeqaumtvpunjab@gmail.com

ਸ਼ੁੱਕਰਵਾਰ, 22 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੬, ੯ ਚੇਤਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸ਼ਰਾਬ ਘੁਟਾਲਾ ਮਾਮਲੇ ’ਚ ਈ.ਡੀ. ਵੱਲੋਂ

# ਕੇਜਰੀਵਾਲ ਗ੍ਰਿ.ਫਤਾਰ

**ਨਵੀਂ ਦਿੱਲੀ ਤੋਂ ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ**

ਦਿੱਲੀ ਤੋਂ ਇਕ ਬਹੁਤ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅੱਜ ਸ਼ਾਮ ਤੋਂ ਹੀ ਈਡੀ ਵੱਲੋਂ ਕੇਜਰੀਵਾਲ ਦੇ ਘਰ ਦੀ ਤਲਾਸ਼ੀ ਲਈ ਜਾ ਰਹੀ ਸੀ, ਜਿਸ ਤੋਂ ਕਰੀਬ 2 ਘੰਟੇ ਬਾਅਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸ ਦੇਈਏ ਕਿ ਅੱਜ ਸ਼ਾਮ ਕਰੀਬ 7.15 ਵਜੇ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ’ਤੇ ਈ.ਡੀ. ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਦੇ ਘਰ ਦੀ ਡੂੰਘਾਈ ਨਾਲ ਤਲਾਸ਼ੀ ਲਈ ਗਈ ਤੇ ਕੇਜਰੀਵਾਲ ਤੋਂ ਲਗਾਤਾਰ ਪੁੱਛਗਿੱਛ ਕੀਤੀ ਗਈ, ਜਿਸ ਤੋਂ ਬਾਅਦ ਈ.ਡੀ. ਨੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਸ਼ਰਾਬ ਘੁਟਾਲਾ ਮਾਮਲੇ ’ਚ ਅਰਵਿੰਦ ਕੇਜਰੀਵਾਲ ਨੂੰ ਈ.ਡੀ. ਵੱਲੋਂ 9 ਸੰਮਨ ਭੇਜੇ ਜਾ ਚੁੱਕੇ ਹਨ, ਜਿਨ੍ਹਾਂ ਦੇ




ਮਿਲਣ ਤੋਂ ਬਾਅਦ ਵੀ ਕੇਜਰੀਵਾਲ ਈ.ਡੀ. ਅੱਗੇ ਹਾਜ਼ਰ ਨਹੀਂ ਹੋਏ, ਜਿਸ ਤੋਂ ਬਾਅਦ ਅੱਜ ਈ.ਡੀ. ਦੀ ਪਾਰਟੀ ਖ਼ੁਦ 10ਵਾਂ ਸੰਮਨ ਲੈ ਕੇ ਉਨ੍ਹਾਂ ਦੇ ਘਰ ਪਹੁੰਚ ਗਈ ਅਤੇ ਪੁੱਛਗਿੱਛ ਤੋਂ ਬਾਅਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਈ.ਡੀ. ਦੀ ਟੀਮ ਪਹੁੰਚਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਆਪਣੇ ‘ਐਕਸ’ ਅਕਾਊਂਟ ’ਤੇ ਟਵੀਟ ਕਰ ਕੇ ਕੇਜਰੀਵਾਲ ਦਾ ਸਮਰਥਨ ਕੀਤਾ ਹੈ। ਉਨ੍ਹਾਂ ਆਪਣੇ ਟਵੀਟ ’ਚ ਲਿਖਿਆ, ”ਭਾਜਪਾ ਦੀ ਰਾਜਨੀਤਿਕ ਟੀਮ (ਈ.ਡੀ.) ਕੇਜਰੀਵਾਲ ਦੀ ਸੋਚ ਨੂੰ ਕੈਦ ਨਹੀਂ ਕਰ ਸਕਦੀ, ਕਿਉਂਕਿ ‘ਆਪ’ ਹੀ ਭਾਜਪਾ ਨੂੰ ਰੋਕ ਸਕਦੀ ਹੈ, ਸੋਚ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ।” ਜ਼ਿਕਰਯੋਗ ਹੈ ਕਿ ਅੱਜ ਦੇਰ ਸ਼ਾਮ ਈ.ਡੀ. ਵੱਲੋਂ ਕੇਜਰੀਵਾਲ ਦੇ ਘਰ ਪਹੁੰਚ ਕੀਤੀ ਗਈ ਤੇ ਘਰ ਦੀ ਤਲਾਸ਼ੀ ਲਈ ਜਾ ਰਹੀ ਹੈ। ਉਨ੍ਹਾਂ ਨੂੰ ਸ਼ਰਾਬ ਘੋਟਾਲਾ ਮਾਮਲੇ ’ਚ ਈ.ਡੀ. ਵੱਲੋਂ 9 ਸੰਮਨ ਭੇਜੇ ਜਾ ਜੁੱਕੇ ਹਨ, ਪਰ ਕੇਜਰੀਵਾਲ ਵੱਲੋਂ ਈ.ਡੀ. ਸਾਹਮਣੇ ਪੇਸ਼ ਨਾ ਹੋਣ ਕਾਰਨ ਅੱਜ ਈ.ਡੀ. ਦੀ ਟੀਮ ਖ਼ੁਦ ਕੇਜਰੀਵਾਲ ਦੇ ਘਰ ਪਹੁੰਚ ਗਈ ਹੈ।




## ਸੀ. ਐਸ. ਕੇ. ਨੇ ਧੋਨੀ ਨੂੰ ਕਪਤਾਨੀ ਤੋਂ ਹਟਾਇਆ

ਮੁੰਬਈ, 21 ਮਾਰਚ (ਆਵਾਜ਼ਿ ਕੌਮ ਬਿਊਰੋ)-ਆਈ. ਪੀ. ਐਲ. 2024 ਤੋਂ ਪਹਿਲਾਂ ਚੇਨਈ ਸੁਪਰ ਕਿੰਗਜ਼ ਨੇ ਧੋਨੀ ਨੂੰ ਕਪਤਾਨੀ ਤੋਂ ਹਟਾ ਕੇ ਟੀਮ ’ਚ ਵੱਡਾ ਉਲਟਫੇਰ ਕੀਤਾ ਹੈ। ਹੁਣ ਰੁਤੁਰਾਜ ਗਾਇਕਵਾੜ ਆਈ. ਪੀ. ਐਲ. 2024 ’ਚ ਟੀਮ ਦੀ ਅਗਵਾਈ ਕਰਦੇ ਨਜ਼ਰ ਆਉਣਗੇ। ਧੋਨੀ ਨੇ 2008 ਵਿੱਚ ਆਈ. ਪੀ.ਐਲ.ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਸੁਪਰ ਕਿੰਗਜ਼ ਦੀ ਕਪਤਾਨੀ ਕੀਤੀ ਹੈ। ਦੋ ਸਾਲਾਂ ਨੂੰ ਛੱਡ ਕੇ ਜਦੋਂ 2013 ਦੇ ਸਪਾਟ ਫਿਕਸਿੰਗ ਸਕੈਂਡਲ ਦੇ ਮੱਦੇਨਜ਼ਰ ਫਰੈਂਚਾਈਜ਼ੀ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ 2022 ਦੇ ਸੀਜ਼ਨ ਦੀ ਸ਼ੁਰੂਆਤ ਵਿੱਚ ਰਵਿੰਦਰ ਜਡੇਜਾ ਨੂੰ ਕਮਾਨ ਸੌਂਪ ਦਿੱਤੀ ਸੀ। ਪਰ ਅੱਧ ਵਿਚਕਾਰ, ਧੋਨੀ ਨੇ ਇਕ ਵਾਰ ਫਿਰ (8 ਮੈਚਾਂ ਤੋਂ ਬਾਅਦ) ਵਾਗਡੋਰ ਸੰਭਾਲੀ। ਅਜਿਹਾ ਇਸ ਲਈ ਕਿਉਂਕਿ ਜਡੇਜਾ ਦਾ ਆਪਣਾ ਅਤੇ ਟੀਮ ਦਾ ਪ੍ਰਦਰਸ਼ਨ ਪ੍ਰਭਾਵਿਤ ਹੋ ਰਿਹਾ ਸੀ। ਹੁਣ ਗਾਇਕਵਾੜ ਨੂੰ ਕਪਤਾਨੀ ਸੌਂਪੀ ਗਈ ਹੈ। ਸੱਜੇ ਹੱਥ ਦਾ ਬੱਲੇਬਾਜ਼ ਰੁਤੁਰਾਜ ਗਾਇਕਵਾੜ 2019 ਦੀ ਆਈ. ਪੀ. ਐਲ. ਨਿਲਾਮੀ ਤੋਂ ਸੀ. ਐਸ. ਕੇ. ਦੇ ਨਾਲ ਹੈ ਅਤੇ ਉਸਨੇ ਸ਼ਾਨਦਾਰ ਫਾਰਮ ਅਤੇ ਨਿਰੰਤਰਤਾ ਦਿਖਾਈ ਹੈ।




## ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਦੀ ਵੱਡੀ ਕਾਰਵਾਈ, ਲਿਆ ਅਹਿਮ ਫ਼ੈਸਲਾ

**ਚੰਡੀਗੜ੍ਹ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਲਈ ਪੰਜਾਬ ’ਚ ਆਪਣੇ ਉਮੀਦਵਾਰਾਂ ਦੀ ਚੋਣ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ‘ਇਕ ਪਰਿਵਾਰ, ਇਕ ਟਿਕਟ’ ਦੇ ਨਿਯਮ ਦੀ ਪਾਲਣਾ ਕਰੇਗਾ। ਇਸ ਦਾ ਮਤਲਬ ਹੈ ਕਿ ਬਾਦਲ ਪਰਿਵਾਰ ’ਚੋਂ ਕੋਈ ਇਕ ਹੀ ਵਿਅਕਤੀ ਚੋਣਾਂ ਲੜੇਗਾ। ਇਸ ਸਮੇਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਤੋਂ ਜਦਕਿ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਨ। ਸੂਤਰਾਂ ਦਾ ਕਹਿਣਾ ਹੈ ਕਿ ਬਾਦਲ ਪਰਿਵਾਰ ਵੱਲੋਂ ਸਿਰਫ਼ ਹਰਸਿਮਰਤ ਕੌਰ ਬਾਦਲ ਹੀ ਚੋਣ ਲੜਨਗੇ। ਉਹ ਆਪਣੀ ਮੌਜੂਦਾ ਸੀਟ ਬਠਿੰਡਾ ਤੋਂ ਹੀ ਮੈਦਾਨ ’ਚ ਨਿੱਤਰਨਗੇ। ਪਹਿਲਾਂ ਚਰਚੇ ਸਨ ਕਿ ਉਹ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜ ਸਕਦੇ ਹਨ ਪਰ ਸੂਤਰਾਂ ਨੇ ਇਸ ਚਰਚਾ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ। ਬਾਦਲ ਪਰਿਵਾਰ ਤੋਂ ਇਲਾਵਾ ਕਈ ਸੀਨੀਅਰ ਅਕਾਲੀ ਆਗੂ ਲੰਮੇ ਸਮੇਂ ਤੋਂ ‘ਇਕ ਪਰਿਵਾਰ, ਇਕ ਟਿਕਟ’ ਦੇ ਨਿਯਮ ਦੀ ਵਕਾਲਤ ਕਰ ਰਹੇ ਸਨ। ਸਾਬਕਾ ਵਿਧਾਇਕ ਸਿਕੰਦਰ ਸਿੰਘ ਮਲੂਕਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਟਿਕਟਾਂ ਦੀ ਵੰਡ ’ਤੇ ਵਿਵਾਦ ਮਗਰੋਂ ਇਹ ਮੁੱਦਾ ਚੁੱਕਿਆ ਸੀ। ਸੂਤਰਾਂ ਨੇ ਦੱਸਿਆ ਕਿ ਪਾਰਟੀ ਅੰਦਰ ਇਹ ਚਰਚਾ ਵੀ ਸੀ ਕਿ ਪਾਰਟੀ ’ਤੇ ਸਿਰਫ਼ ਇਕ ਹੀ ਪਰਿਵਾਰ ਦਾ ਕਬਜ਼ਾ ਹੈ। ਇਸ ਤਰ੍ਹਾਂ ‘ਇਕ ਪਰਿਵਾਰ-ਇਕ ਟਿਕਟ’ ਦੇ ਨਿਯਮ ਦਾ ਪਾਲਣ ਕਰਨ ਦਾ ਫ਼ੈਸਲਾ ਲਿਆ ਗਿਆ। ਸੁਖਬੀਰ ਬਾਦਲ ਪਹਿਲਾਂ ਤੋਂ ਹੀ ਸੀਨੀਅਰ ਅਕਾਲੀ ਆਗੂਆਂ ਨਾਲ ਮਤਭੇਦ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਅਤੀਤ ਵਿਚ ਪਾਰਟੀ ਲੀਡਰਸ਼ਿਪ ਵੱਲੋਂ ਲਏ ਗਏ ਕਈ ਫ਼ੈਸਲਿਆਂ ’ਤੇ ਅਫਸੋਸ ਵੀ ਜ਼ਾਹਿਰ ਕੀਤਾ ਹੈ। ਇਸ ਮਗਰੋਂ ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਅਤੇ ਐੱਸਜੀਪੀਸੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਕਈ ਬਾਗੀ ਆਗੂ ਪਾਰਟੀ ’ਚ ਮੁੜ ਆਏ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਆਗੂ ਜਿਹੜੇ ਅਕਾਲੀ ਦਲ ਛੱਡ ਕੇ ਜਾ ਚੁੱਕੇ ਹਨ ਤੋਂ ਮੁਆਫ਼ੀ ਮੰਗਦਿਆਂ ਵਾਪਸੀ ਕਰਨ ਦੀ ਅਪੀਲ ਕੀਤੀ ਹੈ।



## ਪੰਜਾਬ ਸਰਕਾਰ ਦਾ ਵੱਡਾ ਐਕਸ਼ਨ, ਸਿੱਧੂ ਮੂਸੇਵਾਲਾ ਦੇ ਮਾਪਿਆਂ ਦੇ ਦੋਸ਼ਾਂ ਤੋਂ ਬਾਅਦ IAS ਅਧਿਕਾਰੀ ਅਜੋਏ ਸ਼ਰਮਾ ਨੂੰ ਭੇਜਿਆ ਕਾਰਨ ਦੱਸੋ ਨੋਟਿਸ

**ਚੰਡੀਗੜ੍ਹ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਆਪਣੇ ਦੂਜੇ ਪੁੱਤਰ ਦੇ ਜਨਮ ਤੋਂ ਬਾਅਦ ਪੰਜਾਬ ਸਰਕਾਰ ’ਤੇ ਪ੍ਰੇਸ਼ਾਨ ਕਰਨ ਦੇ ਦੋਸ਼ ਲਾਏ। ਦਰਅਸਲ, ਉਨ੍ਹਾਂ ਸੂਬੇ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ’ਤੇ ਕਈ ਦੋਸ਼ ਲਗਾਏ। ਇਸ ਵਿਚਾਲੇ ਪੰਜਾਬ ਸਰਕਾਰ ਨੇ IAS ਅਧਿਕਾਰੀ ਅਜੋਏ ਸ਼ਰਮਾ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਹੈ। ਦਰਅਸਲ, ਮੂਸੇਵਾਲਾ ਦੇ ਪਿਤਾ ਵੱਲੋਂ ਲਗਾਏ ਗਏ ਦੋਸ਼ਾਂ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ IAS ਅਧਿਕਾਰੀ ਅਜੋਏ ਸ਼ਰਮਾ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਗਿਆ ਹੈ। ਜਾਣਕਾਰੀ ਲਈ ਦੱਸ ਦੇਈਏ ਕਿ ਆਈਏਐਸ ਅਜੋਏ ਸ਼ਰਮਾ ਪ੍ਰਮੁੱਖ ਸਕੱਤਰ ਸਿਹਤ ਹਨ। ਪੰਜਾਬ ਸਰਕਾਰ ਨੇ ਕਾਰਨ ਦੱਸੋ ਨੋਟਿਸ ਵਿੱਚ ਇਹ ਪੁੱਛਿਆ ਹੈ ਕਿ ਜਾਂਚ ਤੋਂ ਪਹਿਲਾਂ ਮਾਮਲਾ ਮੁੱਖ ਮੰਤਰੀ ਜਾਂ ਸਿਹਤ ਮੰਤਰੀ ਦੇ ਧਿਆਨ ਵਿੱਚ ਕਿਉਂ ਨਹੀਂ ਲਿਆਂਦਾ ਗਿਆ। ਬਲਕੌਰ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਬਿਆਨ ਕਰਦੇ ਹੋਏ ਕਿਹਾ, ’ਦੋ ਦਿਨ ਪਹਿਲਾਂ ਵਾਹਿਗੁਰੂ ਦੀ ਕਿਰਪਾ ਨਾਲ ਸਾਡਾ ਸ਼ੁਭਦੀਪ (ਸਿੱਧੂ ਮੂਸੇਵਾਲਾ) ਸਾਡੇ ਘਰ ਵਾਪਸ ਆਇਆ ਹੈ। ਮੈਂ ਅੱਜ ਸਵੇਰ ਤੋਂ ਬਹੁਤ ਪਰੇਸ਼ਾਨ ਹਾਂ। ਸੋਚਿਆ ਤੁਹਾਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਸ਼ਾਸਨ ਮੈਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਹ ਕਹਿ ਰਿਹਾ ਹੈ ਕਿ ਤੁਸੀਂ ਇਸ ਬੱਚੇ ਦੇ ਦਸਤਾਵੇਜ਼ ਲੈ ਕੇ ਆਓ। ਮੈਂ ਸਰਕਾਰ ਨੂੰ, ਖਾਸ ਕਰਕੇ ਸੀਐਮ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਕੁਝ ਤਰਸ ਕਰੋ ਅਤੇ ਘੱਟੋ-ਘੱਟ ਇਲਾਜ ਤਾਂ ਪੂਰਾ ਹੋਣ ਦਿਓ। ਭਾਰਤ ਵਿੱਚ ਅੰਡਰ ਸੈਕਸ਼ਨ 21(7)(i) ਅਸਿਸਟਿਡ ਰੀਪ੍ਰੋਡਕਟਿਵ ਟੈਕਨਾਲੋਜੀ ਰੈਗੂਲੇਸ਼ਨ ਐਕਟ 2021 ਦੇ ਅਨੁਸਾਰ, ਬੱਚਾ ਪੈਦਾ ਕਰਨ ਲਈ ਔਰਤਾਂ ਦੀ ਉਮਰ 21 ਤੋਂ 50 ਸਾਲ ਅਤੇ ਮਰਦਾਂ ਦੀ ਉਮਰ 21 ਤੋਂ 55 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਜਦੋਂ ਕਿ ਵਿਦੇਸ਼ਾਂ ਵਿੱਚ 50 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਵੀ ਆਈਵੀਐਫ ਤਕਨੀਕ ਦੀ ਵਰਤੋਂ ਕਰ ਸਕਦੀਆਂ ਹਨ। ਭਾਰਤ ਵਿੱਚ ਜੇਕਰ 21 ਸਾਲ ਤੋਂ ਘੱਟ ਉਮਰ ਦੀ ਅਤੇ 50 ਸਾਲ ਤੋਂ ਵੱਧ ਉਮਰ ਦੀ ਕੋਈ ਔਰਤ ਆਈਵੀਐਫ ਤਕਨੀਕ ਰਾਹੀਂ ਮਾਂ ਬਣ ਜਾਂਦੀ ਹੈ ਤਾਂ ਦੋਸ਼ ਸਾਬਤ ਹੋਣ ’ਤੇ 3 ਤੋਂ 8 ਸਾਲ ਦੀ ਕੈਦ ਅਤੇ 5 ਤੋਂ 20 ਰੁਪਏ ਜੁਰਮਾਨੇ ਦੀ ਵਿਵਸਥਾ ਹੈ।



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਪਤੰਜਲੀ ਆਯੁਰਵੇਦ ਨੇ ਸੁਪਰੀਮ ਕੋਰਟ ’ਚ ਹਲਫਨਾਮਾ ਦਾਇਰ ਕਰ ਕੇ ਮੰਗੀ ਮਾਫੀ, ਅਦਾਲਤ ਨੇ ਜਾਰੀ ਨੋਟਿਸ

**ਚੰਡੀਗੜ੍ਹ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਪਤੰਜਲੀ ਆਯੁਰਵੇਦ ਨੇ ਸੁਪਰੀਮ ਕੋਰਟ ’ਚ ਹਲਫਨਾਮਾ ਦਾਇਰ ਕਰਕੇ ਮੁਆਫੀ ਮੰਗੀ ਹੈ। ਅਦਾਲਤ ਨੇ ਆਪਣੇ ਹੁਕਮਾਂ ਦੇ ਬਾਵਜੂਦ ਦਵਾਈਆਂ ਦਾ ਗੁੰਮਰਾਹਕੁੰਨ ਇਸ਼ਤਿਹਾਰ ਜਾਰੀ ਰੱਖਣ ਲਈ ਨੋਟਿਸ ਜਾਰੀ ਕੀਤਾ ਸੀ। ਬਾਬਾ ਰਾਮਦੇਵ ਅਤੇ ਆਚਾਰੀਆ ਬਾਲਕ੍ਰਿਸ਼ਨ ਨੂੰ ਵੀ 2 ਅਪ੍ਰੈਲ ਨੂੰ ਵਿਅਕਤੀਗਤ ਤੌਰ ’ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ। 21 ਨਵੰਬਰ ਨੂੰ ਅਦਾਲਤ ਨੇ ਪਤੰਜਲੀ ਨੂੰ ਉਨ੍ਹਾਂ ਇਸ਼ਤਿਹਾਰਾਂ ’ਤੇ ਰੋਕ ਲਾਉਣ ਲਈ ਕਿਹਾ ਸੀ, ਜਿਸ ’ਚ ਦਾਅਵਾ ਕੀਤਾ ਗਿਆ ਸੀ ਕਿ ਇਸ ਦੀਆਂ ਦਵਾਈਆਂ ਗੰਭੀਰ ਬਿਮਾਰੀਆਂ ਦਾ ਸਥਾਈ ਇਲਾਜ ਕਰਦੀਆਂ ਹਨ ਅਤੇ ਐਲੋਪੈਥੀ ਨੂੰ ਗ.ਲਤ ਕਰਾਰ ਦਿੰਦੀਆਂ ਹਨ। ਪਤੰਜਲੀ ਨੇ ਕਿਹਾ, ਇਸ ਹੁਕਮ ਤੋਂ ਬਾਅਦ ਪ੍ਰਕਾਸ਼ਿਤ ਕੁਝ ਇਸ਼ਤਿਹਾਰਾਂ ’ਚ ਗਲਤੀ ਨਾਲ ਅਜਿਹੇ ਦਾਅਵੇ ਲਿਖੇ ਗਏ ਸਨ, ਜਿਨ੍ਹਾਂ ’ਤੇ ਅਦਾਲਤ ਨੇ ਪਾਬੰਦੀ ਲਾ ਦਿੱਤੀ ਸੀ। ਇਸ ਤੋਂ ਪਹਿਲਾਂ ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੀ ਬੈਂਚ ਨੇ ਪਤੰਜਲੀ ਆਯੁਰਵੇਦ ਅਤੇ ਇਸ ਦੇ ਐਮਡੀ ਅਚਾਰੀਆ ਬਾਲਕ੍ਰਿਸ਼ਨ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਨੋਟਿਸਾਂ ਦਾ ਜਵਾਬ ਦਾਖ਼ਲ ਨਾ ਕਰਨ ’ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਸੀ। ਇਹ ਪੁੱਛਿਆ ਗਿਆ ਕਿ ਅਦਾਲਤ ਨੂੰ ਦਿੱਤੇ ਵਚਨਬੱਧਤਾ ਦੀ ਪਹਿਲੀ ਨਜ਼ਰੇ ਉਲੰਘਣਾ ਕਰਨ ਲਈ ਉਸ ਵਿਰੁੱਧ ਮਾਣਹਾਨੀ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ। ਸੁਪਰੀਮ ਕੋਰਟ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ) ਦੀ ਉਸ ਪਟੀਸ਼ਨ ’ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਰਾਮਦੇਵ ’ਤੇ ਕੋਵਿਡ ਵਿਰੋਧੀ ਟੀਕਾਕਰਨ ਮੁਹਿੰਮ ਅਤੇ ਆਧੁਨਿਕ ਦਵਾਈਆਂ ਵਿਰੁੱਧ ਮੁਹਿੰਮ ਚਲਾਉਣ ਦਾ ਦੋਸ਼ ਲਾਇਆ ਗਿਆ ਹੈ। ਅਦਾਲਤ ਨੇ ਕਿਹਾ ਕਿ ਰਾਮਦੇਵ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨਾ ਉਚਿਤ ਜਾਪਦਾ ਹੈ ਕਿਉਂਕਿ ਪਤੰਜਲੀ ਵੱਲੋਂ ਜਾਰੀ ਕੀਤਾ ਗਿਆ ਇਸ਼ਤਿਹਾਰ 21 ਨਵੰਬਰ 2023 ਨੂੰ ਅਦਾਲਤ ਵਿੱਚ ਦਿੱਤੇ ਗਏ ਹਲਫ਼ਨਾਮੇ ਦਾ ਵਿਸ਼ਾ ਹੈ ਅਤੇ ਅਜਿਹਾ ਲੱਗਦਾ ਹੈ ਕਿ ਰਾਮਦੇਵ ਵੱਲੋਂ ਇਨ੍ਹਾਂ ਦੀ ਪੁਸ਼ਟੀ ਕੀਤੀ ਗਈ ਸੀ। ਅਦਾਲਤ ਨੇ ਕਿਹਾ, ’ਤੱਥਾਂ ਅਤੇ ਹਾਲਾਤਾਂ ਦੇ ਮੱਦੇਨਜ਼ਰ ਅਗਲੀ ਸੁਣਵਾਈ ਦੀ ਤਰੀਕ ’ਤੇ ਜਵਾਬਦੇਹ ਨੰਬਰ 5 (ਪਤੰਜਲੀ ਆਯੁਰਵੇਦ) ਦੇ ਪ੍ਰਬੰਧਕ ਨਿਰਦੇਸ਼ਕ ਦੀ ਹਾਜ਼ਰੀ ਦਾ ਨਿਰਦੇਸ਼ ਦੇਣਾ ਉਚਿਤ ਸਮਝਿਆ ਜਾਂਦਾ ਹੈ।’



ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)



## ਹੋਲਾ ਮਹੱਲਾ ਸ਼੍ਰੀ ਅਨੰਦਪੁਰ ਸਾਹਿਬ ਜੀ

## ਹੋਲੇ ਮਹੱਲੇ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ ਕਾਜ਼ਲਮੋਰਾਨੋ

23 ਮਾਰਚ 2024 ਸਨੀਵਾਰ ਗੁਰਦੁਆਰਾ ਸਾਹਿਬ ਤੋ ਨਗਰ ਕੀਰਤਨ ਦੀ ਅਰੰਭਤਾ 12 ਵਜੇਂ ਹੋਵੇਗੀ ਅਤੇ ਗੁਰਦੁਆਰਾ ਸਾਹਿਬ ਵਿਖੇ ਹੀ ਸ਼ਾਮ 5 ਵਜੇ ਸਮਾਪਤੀ ਹੋਵੇਗੀ।

ਨਗਰ ਕੀਰਤਨ ਵਿੱਚ ਸ਼ਮੂਲੀਅਤ ਸਿੱਖ ਪ੍ਰਚਾਰਕ ਕਥਾ ਵਾਚਕ, ਰਾਗੀ ਸਿੰਘ ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢ ਕੇ ਨਗਰ ਕੀਰਤਨ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




# ਅਨੇਕਤਾ ਵਿੱਚ ਏਕਤਾ ਦੀ ਮਿਸਾਲ ਬਣਿਆ ਗੁਰੂ ਕਾਸ਼ੀ ਯੂਨੀਵਰਸਿਟੀ ਦਾ "ਅੰਤਰ ਦੇਸੀ ਤੇ ਅੰਤਰ ਰਾਜੀ ਸੱਭਿਆਚਾਰਕ ਮੁਕਾਬਲਾ" ਪੰਜਾਬ ਦੀ ਟੀਮ ਬਣੀ ਚੈਂਪੀਅਨ



ਤਲਵੰਡੀ ਸਾਬੋ, 21 ਮਾਰਚ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਚੱਲ ਰਹੇ ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਤੇ ਆਧਾਰਿਤ ਹਫਤੇ ਦੇ ਤੀਜੇ ਦਿਨ 'ਵਰਸਿਟੀ ਦਾ ਮੰਚ ਭਾਰਤ ਦੀ ਅਨੇਕਤਾ ਵਿੱਚ ਏਕਤਾ ਤੇ ਸਾਰਾ ਜਹਾਂ ਹਮਾਰਾ ਦੀ ਜ਼ਿੰਦਾ ਤਸਵੀਰ ਬਣਿਆ। ਜਦ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਤੇ ਮੈਨੇਜ਼ਿੰਗ ਡਾਇਰੈਕਟਰ ਸ. ਸੁਖਰਾਜ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪ ਕੁਲਪਤੀ ਪ੍ਰੋ. (ਡਾ.)ਐਸ.ਕੇ.ਬਾਵਾ ਦੀ ਰਹਿ-ਨੁਮਾਈ ਹੇਠ ਅੰਤਰ ਦੇਸ਼ੀ ਤੇ ਅੰਤਰ ਰਾਜੀ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ। ਇਸ ਸਮਾਰੋਹ ਵਿੱਚ ਇੰਜ. ਸੁਖਵਿੰਦਰ ਸਿੰਘ, ਜਨਰਲ ਸਕੱਤਰ, ਬਾਲਾ ਜੀ ਐਜੂਕੇਸ਼ਨਲ ਟਰਸਟ ਨੇ ਬਤੌਰ ਮੁੱਖ ਮਹਿਮਾਨ ਤੇ ਪੰਜਾਬੀ ਫਿਲਮਾਂ ਦੀ ਨਾਮਵਰ ਅਦਾਕਾਰਾ ਡਾ. ਸੁਨੀਤਾ ਧੀਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮੁੱਖ ਮਹਿਮਾਨ ਇੰਜ. ਸੁਖਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੀ ਉਰਜਾ ਸਿਰਜਣਾਤਮਕ ਕੰਮਾਂ ਵਿੱਚ ਲਗਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਵਿਦੇਸ਼ੀ ਰੀਤੀ ਰਿਵਾਜ ਅਪਣਾਉਣ ਦੀ ਬਜਾਏ ਵਿਦਿਆਰਥੀਆਂ ਨੂੰ ਆਪਣੇ ਸਥਾਨਕ ਅਮੀਰ ਵਿਰਸੇ 'ਤੇ ਮਾਣ ਕਰਨਾ ਚਾਹੀਦਾ ਹੈ। ਕਿਉਂਕਿ ਸਾਡਾ ਸੱਭਿਆਚਾਰ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ਸਮਾਰੋਹ ਬਾਰੇ ਜਾਣਕਾਰੀ ਦਿੰਦਿਆਂ ਡਾ. ਬਾਵਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੱਭਿਆਚਾਰ ਅਤੇ ਸੰਸਕਾਰਾਂ ਨਾਲ ਜੋੜੇ ਰੱਖਣਾ ਜ਼ਰੂਰੀ ਹੈ। ਕਿਉਂਕਿ ਕਿਤਾਬੀ ਗਿਆਨ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਨਰਮਈ, ਸਹਿਣਸ਼ੀਲਤਾ ਅਤੇ ਵੱਡਿਆਂ ਦੇ ਸਤਿਕਾਰ ਦੀ ਭਾਵਨਾ ਹੋਣੀ ਜ਼ਰੂਰੀ ਹੈ।ਉਨ੍ਹਾਂ ਆਯੋਜਨ ਦੀ ਸਫਲਤਾ ਲਈ ਡਾ. ਜਗਤਾਰ ਸਿੰਘ ਧੀਮਾਨ, ਰਜਿਸਟਰਾਰ,.ਡ ਸ. ਸਰਦੂਲ ਸਿੰਘ ਸਿੱਧੂ, ਡਾਇਰੈਕਟਰ ਵਿਦਿਆਰਥੀ ਭਲਾਈ ਤੇ ਡੀਨ ਸੱਭਿਆਚਾਰਕ ਮਾਮਲੇ ਡਾ. ਬੇਅੰਤ ਕੌਰ ਦੀ ਸ਼ਲਾਘਾ ਕੀਤੀ। ਡਾ. ਮਿਹਿਰ ਰੰਜਨ ਪਾਤਰਾ, ਡਾ. ਸੁਖਵਿੰਦਰ ਕੌਰ ਸੁੱਖੀ ਤੇ ਜਗਜੀਤ ਸਿੰਘ ਮਾਨ ਦੇ ਨਿਰਣਾਇਕ ਮੰਡਲ ਨੇ ਬਹੁਤ ਨਜ਼ਦੀਕੀ ਮੁਕਾਬਲੇ ਵਿੱਚ ਪੰਜਾਬ ਦੀ ਟੀਮ ਨੂੰ ਪਹਿਲੇ, ਕੇਰਲਾ ਦੀ ਟੀਮ ਨੂੰ ਦੂਜੇ, ਰਾਜਸਥਾਨ, ਜੰਮੂ ਕਸ਼ਮੀਰ, ਅਤੇ ਬਿਹਾਰ ਦੀ ਟੀਮ ਨੂੰ ਤੀਜੇ ਸਥਾਨ ਲਈ ਚੁਣਿਆ। ਅੰਤਰ-ਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਲੈਸੋਥੋ ਦੇ ਵਿਦਿਆਰਥੀਆਂ ਨੇ ਪਹਿਲਾ, ਨੇਪਾਲ ਤੇ ਜ਼ਿੰਬਾਬਵੇ ਦੇ ਵਿਦਿਆਰਥੀਆਂ ਨੇ ਦੂਜਾ ਸਥਾਨ ਹਾਸਿਲ ਕੀਤਾ। ਜੇਤੂਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਅਤੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਵਿਦਿਆਰਥੀਆਂ ਵੱਲੋਂ ਆਪਣੇ-ਆਪਣੇ ਰਾਜ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਖ਼ੂਬਸੂਰਤ ਸਟਾਲਾਂ ਮਹਿਮਾਨਾਂ ਦੀ ਖਿੱਚ ਦਾ ਕੇਂਦਰ ਸਨ। ਸਟਾਲਾਂ ਵਿੱਚ ਵੱਖ ਵੱਖ ਰਾਜਾਂ ਦਾ ਪਹਿਰਾਵਾ, ਖਾਣਾ, ਸਬੰਧਿਤ ਸੱਭਿਆਚਾਰ ਵਸਤਾਂ, ਇਤਿਹਾਸਕ ਇਮਾਰਤਾਂ ਦੀਆਂ ਤਸਵੀਰਾਂ, ਮਹਿਮਾਨਾਂ ਦੇ ਆਕਰਸ਼ਣ ਦੇ ਨਾਲ ਨਾਲ ਜਾਣਕਾਰੀ ਭਰਪੂਰ ਸੀ।ਸੱਭਿਆਚਾਰਕ ਪ੍ਰੋਗਰਾਮਾਂ ਅਤੇ ਲੋਕ ਨਾਚਾਂ ਨੇ ਦਰਸ਼ਕਾਂ ਨੂੰ ਚੀਖਾਂ ਮਾਰ ਕੇ ਨੱਚਣ ਲਈ ਮਜਬੂਰ ਕੀਤਾ। ਸਰਬੱਤ ਦੇ ਭਲੇ ਦੀ ਕਾਮਨਾ ਨਾਲ ਇਹ ਪ੍ਰਤੀਯੋਗਿਤਾ ਗਿਆਨਵਰਧਕ ਤੇ ਮਨੋਰੰਜਕ ਸਾਬਿਤ ਹੋਈ।






# ਹੋਲਾ-ਮਹੱਲਾ ਦੌਰਾਨ ਸਟੰਟਬਾਜ਼ੀ ਤੇ ਹੁੱਲੜਬਾਜ਼ੀ ਨੂੰ ਲੈ ਕੇ ਹਰਜਿੰਦਰ ਸਿੰਘ ਧਾਮੀ ਨੇ ਨੌਜਵਾਨਾਂ ਨੂੰ ਕੀਤੀ ਖ਼ਾਸ ਅਪੀਲ



**ਸ੍ਰੀ ਕੀਰਤਪੁਰ ਸਾਹਿਬ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ 6 ਰੋਜ਼ਾ ਕੌਮੀ ਤਿਓਹਾਰ ਹੋਲਾ-ਮਹੱਲਾ ਜੋੜ ਮੇਲ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਅੱਜ ਸ੍ਰੀ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਅਰੰਭ ਕਰਨ ਦੇ ਨਾਲ, 'ਬੋਲੋ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਹੋ ਗਈ ਹੈ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਅਰਦਾਸ ਕਰਦੇ ਹੋਏ ਮੇਲੇ ਦੀ ਚੜ੍ਹਦੀ ਕਲਾ ਅਤੇ ਸੁੱਖ ਸ਼ਾਂਤੀ ਦੀ ਕਾਮਨਾ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਧਰਤੀ 'ਤੇ ਲੋਕ ਵੱਖ-ਵੱਖ ਧਰਮਾਂ 'ਚ ਅਤੇ ਵੱਖ-ਵੱਖ ਜਾਤਾਂ 'ਚ ਵੰਡੇ ਹੋਏ ਸਨ, ਗਰੀਬ ਦਬੇ ਅਤੇ ਲਤਾੜੇ ਹੋਏ ਲੋਕਾਂ ਨੂੰ ਧਾਰਮਿਕ ਸਥਾਨਾਂ 'ਤੇ ਪੈਰ ਰੱਖਣ ਦਾ ਵੀ ਹੁਕਮ ਨਹੀਂ ਸੀ, ਉਨ੍ਹਾਂ ਸਾਰਿਆਂ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਲਵੱਕੜੀ ਵਿਚ ਲੈ ਕੇ ਖੰਡੇ ਬਾਟੇ ਦੀ ਪਾਹੁਲ ਬਖ਼ਿਸ਼ਸ਼ ਕੀਤੀ ਅਤੇ ਦੱਬੇ ਲਤਾੜੇ ਲੋਕਾਂ ਨੂੰ ਸਿੰਘ ਬਣਾ ਕੇ ਰਾਜਿਆਂ ਦੇ ਮੁਕਾਬਲੇ ਵਿਚ ਖੜ੍ਹੇ ਕੀਤਾ। ਉਨ੍ਹਾਂ ਕਿਹਾ ਕਿ ਸਤਿਗੁਰੂ ਜੀ ਨੇ ਇਸ ਖ਼ਾਲਸਾਈ ਜਾਹੋ-ਜਲਾਲ ਨੂੰ 1699 ਈ. ਦੀ ਵਿਸਾਖੀ ਤੋਂ ਬਾਅਦ ਫਿਰ 1700 ਈ. ਦੇ ਵਿਚ ਹੋਲੀ ਦੇ ਮੁਕਾਬਲੇ ਹੋਲੇ-ਮਹੱਲੇ ਨੂੰ ਇਕ ਕੌਮੀ ਤਿਉਹਾਰ ਦੇ ਰੂਪ ਵਿਚ ਖਾਲਸੇ ਨੂੰ ਬਖ਼ਿਸ਼ਸ਼ ਕੀਤਾ। ਉਨ੍ਹਾਂ ਕਿਹਾ ਕਿ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਸਿਕ ਤੌਰ ਦੇ ਉੱਤੇ ਸਿੱਖ ਨੂੰ ਤਕੜਾ ਹੋਣ ਲਈ ਪਵਿੱਤਰ ਗੁਰਬਾਣੀ ਦਾ ਖ਼ਜ਼ਾਨਾ ਅਤੇ ਸਰੀਰਕ ਤੌਰ ਤਕੜਾ ਹੋਣ ਲਈ ਹੋਲੇ-ਮਹੱਲੇ ਦਾ ਤਿਉਹਾਰ ਭੇਟ ਕੀਤਾ, ਜਿਸ ਵਿਚ ਸਾਰੀ ਹੀ ਸੰਗਤ ਨੂੰ ਆਉਣ ਦਾ ਖੁੱਲ੍ਹਾ ਸੱਦਾ ਹੁੰਦਾ ਸੀ, ਜਿਸ ਵਿਚ ਦਸਮ ਪਿਤਾ ਵੱਲੋਂ ਸਿੰਘਾਂ ਦੇ ਵੱਖ-ਵੱਖ ਜੁੱਟ ਬਣਾ ਕੇ ਗਤਕੇ ਦੇ ਜੌਹਰ, ਤਲਵਾਰ ਬਾਜ਼ੀ, ਨੇਜ਼ੇਬਾਜ਼ੀ, ਘੋੜਸਵਾਰੀ ਅਤੇ ਜੰਗਜੂ ਖੇਡਾਂ ਕਰਵਾਈਆਂ ਜਾਂਦੀਆਂ ਸੀ, ਜਿਹੜੀ ਅੱਜ ਵੀ ਸਾਡੀ ਪ੍ਰੰਪਰਾ ਹੈ। ਉਨ੍ਹਾਂ ਨੌਜਵਾਨ ਵਰਗ ਨੂੰ ਸਟੰਟ ਬਾਜ਼ੀ ਤੇ ਹੁੱਲੜਬਾਜ਼ੀ ਨਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਅੱਜ ਮੇਲੇ ਦਾ ਪਹਿਲਾ ਪੜਾਅ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਅਤੇ ਪਤਾਲਪੁਰੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਹੋਣ ਨਾਲ ਸ਼ੁਰੂ ਹੋ ਗਿਆ ਹੈ, ਜਿਸ ਦੇ 23 ਮਾਰਚ ਨੂੰ ਭੋਗ ਪਾਏ ਜਾਣੇ ਹਨ, ਫਿਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਵਿਖੇ 24 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 26 ਮਾਰਚ ਨੂੰ 12 ਵਜੇ ਅਰਦਾਸ ਕਰਕੇ ਸਤਿਗੁਰਾਂ ਦੇ ਸਨਮੁਖ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਦੇ ਰੂਪ 'ਚ ਸਮੁੱਚੇ ਤੌਰ 'ਤੇ ਖਾਲਸਾ ਪੰਥ ਅਤੇ ਨਿਹੰਗ ਸਿੰਘਾਂ ਦੀਆਂ ਸਿਰਮੌਰ ਜਥੇਬੰਦੀਆਂ ਵੱਲੋਂ ਉਸੇ ਜਾਹੋ-ਜਲਾਲ ਦੇ ਨਾਲ ਮਹੱਲਾ ਸਜਾਇਆ ਜਾਵੇਗਾ ਅਤੇ ਗਤਕੇ ਦੇ, ਨੇਜ਼ੇਬਾਜ਼ੀ, ਘੋੜਸਵਾਰੀ ਦੇ ਜੌਹਰ ਵਿਖਾਉਂਦੇ ਹੋਏ ਸੰਪੂਰਨਤਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਉਹ ਕੌਮ ਨੂੰ ਵੀ ਬੇਨਤੀ ਕਰਦੇ ਹਨ ਕਿ ਆਹ ਜਿਹੜਾ ਨਾਜ਼ਕ ਸਮਾਂ ਹੈ ਆਪਾਂ ਇਹ ਤਿਉਹਾਰ ਵੀ ਮਨਾਈਏ ਤੇ ਨਾਲ ਦੀ ਨਾਲ ਸਤਿਗੁਰੂ ਜੀ ਨੇ ਸਾਨੂੰ ਜਿਹੜਾ ਹੁਕਮ ਕੀਤਾ ਸੀ ਜਥੇਬੰਦਕ ਹੋਣ ਦਾ, ਉਸ ਦੀ ਪਾਲਣਾ ਕਰਦੇ ਹੋਏ ਜਥੇਬੰਦਕ ਹੋ ਕੇ ਆਪਣੀ ਸਿੱਖ ਪੰਥ ਦੀ ਸ਼ਕਤੀ ਨੂੰ ਇਕ ਥਾਂ ਇਕੱਤਰ ਕਰੀਏ। ਇਸ ਮੌਕੇ ਉਨ੍ਹਾਂ ਨਾਲ ਡਾ. ਦਲਜੀਤ ਸਿੰਘ ਚੀਮਾ, ਭਾਈ ਅਮਰਜੀਤ ਸਿੰਘ ਚਾਵਲਾ, ਗੁਰਿੰਦਰ ਸਿੰਘ ਗੋਗੀ ਆਦਿ ਹਾਜ਼ਰ ਸਨ।

# SANT BEANT SINGH JI

BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ

SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW

SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL



SANT BEANT SINGH | WHATSAPP: +918530000006



ਪੰਥੀਓ ਸਬਦ ਸਚੀ ਟਕਸਾਲ ॥

ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ**

**Khande Bate di Pahul Shak Ke Guru Wale Bano**

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

**Join Gurbani Santhia and Gurmat Sikhia**

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

**Learn Kirtan Katha Kavishri and Dhadi Waran**

**ਗੁਰਮੁਖੀ ਪੰਜਾਬੀ ਸਿੱਖੋ**

**Learn Gurmukhi Punjabi**

**ਗਤਕਾ ਸਿੱਖੋ** **Learn Gatka**

**www.damdamitaksal.net**



ਸਾਬਤ ਸੂਰਤਿ ਦਸਤਾਰ ਸਿਰਾ

# ਦਸਤਾਰਾਂ ਹੀ ਦਸਤਾਰਾਂ



# ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✦ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :

**+91 98882-22446**



# ASA Gas Heating Solution Ltd.

| | |
|---|---|
| Boilers | Gas Safety Inspections |
| Certificates | Plumbing Work |
| Gas Work | |
| Cylinders | |
| Maintenance Services | |

Vaillant APPROVED INSTALLER · WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

**Mr. Simran Singh : 0749 534 2620**
asagasheatingsolutions@gmail.com

Call us now for a Free no-olbigation quote

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿੱਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿੱਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜ਼ਮੀਨ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਗਰੰਥੀ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ। ਇਸ ਤੋਂ ਇਲਾਵਾ ਇੱਕ ਵਿਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿੱਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਵੱਧ ਤੋਂ ਵੱਧ ਹਿੱਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ। ਇਹ ਜਗ੍ਹਾ £630,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ ਇੱਕ ਵਾਰ ਸੇਵਾ ਦੇਣੀ ਜਾਂ ਪੱਕੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨ ਲਈ ਆਪਜੀ ਨੂੰ ਬੇਨਤੀ ਕੀਤੀ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।

**ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਭੇਜ ਸਕਦੇ ਹੋ ਜੀ:**

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵਲੋਂ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk

DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642

# ਕੰਗ ਸਾਹਬੂ NRI's ਵੈਲਫੇਅਰ ਸੁਸਾਇਟੀ

ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ

# ਫਰੀ ਮੈਡੀਕਲ ਕੈਂਪ

Heart Chekcup (ECG Test)

ਕੰਗ ਸਾਹਬੂ ਵਿਖੇ ਲਗਾਇਆ ਜਾ ਰਿਹਾ ਹੈ।

ਦਿਨ ਸ਼ਨੀਵਾਰ ਮਿਤੀ 23.03.2024 ਸਮਾਂ ਸਵੇਰੇ 9 ਵਜੇ ਤੋਂ ਸ਼ਾਮ 3.30 ਵਜੇ ਤੱਕ

• ਹੱਡੀਆਂ ਦੇ ਮਾਹਿਰ ਡਾਕਟਰ ਪਹੁੰਚਣਗੇ • ਜੋੜਾਂ ਦੇ ਦਰਦਾਂ ਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।

ਸਥਾਨ : ਸਰਕਾਰੀ ਹਾਈ ਸਕੂਲ ਪਿੰਡ ਕੰਗ ਸਾਹਬੂ, ਤਹਿ. ਨਕੋਦਰ (ਜਲੰਧਰ)

1. ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ।
2. ਔਰਤਾਂ ਦੇ ਛਾਤੀ ਤੇ ਕੈਂਸਰ ਦੀ ਜਾਂਚ ਲਈ (ਮੈਮੋਗ੍ਰਾਫੀ) ਟੈਸਟ।
3. ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ (ਪੈਪ ਸਮਿਅਰ) ਟੈਸਟ
4. ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ PSA ਟੈਸਟ
5. ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ ਸਹੀ ਸਲਾਹ।
6. ਔਰਤਾਂ ਅਤੇ ਮਰਦਾਂ ਦੀ ਸ਼ੂਗਰ ਤੇ ਬਲੱਡ ਪ੍ਰੈਸ਼ਰ ਟੈਸਟ
7. ਸ਼ੂਗਰ, ਬਲੱਡ ਪ੍ਰੈਸ਼ਰ ਸਬੰਧੀ ਮੁਫ਼ਤ ਦਵਾਈਆਂ
8. ਆਮ ਬੀਮਾਰੀਆਂ ਸਬੰਧੀ ਸਿਰਫ਼ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ।

--✶ ਨੋਟ ✶--

ਇਹ ਕੈਂਪ ਔਰਤਾਂ ਲਈ ਸਪੈਸ਼ਲ ਹੈ, ਸੋ ਸਾਰੀਆਂ ਔਰਤਾਂ ਚੈਕ ਜ਼ਰੂਰ ਕਰਵਾਉਣ।

ਆਵਾਜ਼ਿ ਕੌਮ AWAZE QAUM International Newspaper & WEB TV

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

ਮੋ. 94630-27634, 98151-89612

# THE GURBANI SCHOOL

THE GURBANI SCHOOL

ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

## LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




ਆਵਾਜ਼ਿ ਕੌਮ AWAZE QAUM International Newspaper & WEB TV

### INTERACTIVE LEARNING

ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ

CLICK & LISTEN TO THE CORRECT PRONUNCIATION

### 8 EIGHT PRAYERS AVAILABLE

ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ

EIGHT DAILY PRAYERS AVAILABLE TO LEARN

### AUTO SCROLL GURBANI PLAYER

ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ

READ ALONG & IMPROVE THE PRONUNCIATION

### MULTILINGUAL

ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।

NITNEM IS AVAILABLE IN PUNJABI, HINDI & ENGLISH

# ਗੁਰੂ ਨਾਨਕ ਗੁਰਦੁਆਰਾ

## ਵੇਲ ਲੇਨ, ਵੈਨਜਫੀਲਡ ਵੁਲਵਰਹੈਂਪਟਨ





### ਵੈਡਨਸਫੀਲਡ ਦੀ ਸਮੂਹ ਸਾਧ ਸੰਗਤ ਵੱਲੋਂ

# ਬੰਦੀ ਸਿੰਘਾ ਦੀ ਰਿਹਾਈ ਲਈ ਅਰਦਾਸ ਸਮਾਗਮ

## 24 ਮਾਰਚ, 2024 (ਦਿਨ ਐਤਵਾਰ)

ਸ੍ਰੀ ਅਖੰਡ ਪਾਠ ਸਾਹਿਬ 22 ਮਾਰਚ ਨੂੰ ਸਵੇਰੇ 10 ਵਜੇ ਰੱਖੇ ਜਾਣਗੇ ਅਤੇ 24 ਮਾਰਚ ਨੂੰ ਸਵੇਰੇ 10 ਵਜੇ ਭੋਗ ਪੈਣਗੇ। ਉਪਰੰਤ ਧਾਰਿਮਕ ਦੀਵਾਨ ਸਜਣਗੇ

ਜ਼ਰੂਰੀ ਨੋਟ :- ਸਾਰੀਆਂ ਸੰਗਤਾਂ ਅਤੇ ਸਮੂਹ ਪੰਥਕ ਜਥੇਬੰਦੀਆਂ ਨੂੰ ਇਸ ਸਮਾਗਮ ਵਿੱਚ ਹਾਜਰੀ ਭਰਨ ਦਾ ਸੱਦਾ ਦਿੱਤਾ ਜਾਂਦਾ ਹੈ।

☛ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# GURU NANAK GURDWARA

**Well Lane, Wednesfield, Wolverhampton, England (U.K.) Post Code : WV11 1XT**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਭਾਈ ਪਰਮਜੀਤ ਸਿੰਘ ਢਾਡੀ
+44 7917 353349

ਆਵਾਜ਼ਿ ਕੌਮ AWAZE QAUM
International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਵਾਹਿਗੁਰੂ ਜੀ ਕਾ ਖਾਲਸਾ
# ਵਾਹਿਗੁਰੂ ਜੀ ਕੀ ਫਤਿਹ

ਗੁਰਦਵਾਰਾ ਸਿੰਘ ਸਭਾ ਸਲੇਮਪੁਰ ਮਸੰਦਾਂ ਪ੍ਰਬੰਧਕ ਕਮੇਟੀ ਵਲੋਂ ਸਾਰੇ ਪਿੰਡ ਦੀ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸੰਗਤ ਅੱਗੇ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕੀ ਗੁਰਦਵਾਰਾ ਸਾਹਿਬ ਵਿਖੇ ਨਵਾਂ ਨਿਸ਼ਾਨ ਸਾਹਿਬ ਬਣਾਉਣ ਦੀ ਸੇਵਾ ਅਰੰਭ ਕੀਤੀ ਗਈ ਹੈ ਜਿਸਦਾ ਖਰਚਾ ਲੱਗਭਗ ਚਾਰ ਲੱਖ ਦੇ ਕਰੀਬ ਆਉਣਾ ਹੈ |

## ਸਾਧ ਸੰਗਤ ਜੀ ਬੇਨਤੀ ਹੈ ਕੀ ਏਸ ਕਾਰਜ ਵਿੱਚ ਆਪਣਾ ਦਸਵੰਧ ਦੇ ਕੇ ਵੱਧ ਤੋਂ ਵੱਧ ਯੋਗਦਾਨ ਦਿਉ ਜੀ

ਆਵਾਜ਼ਿ ਕੌਮ AWAZE QAUM International Newspaper & WEB TV

ਗੁਰਦਵਾਰਾ ਸਾਹਿਬ ਦੀ ਨਵੀਂ ਕਮੇਟੀ ਵਲੋਂ ਸਾਰੇ ਨੱਗਰ ਦਾ ਤਹਿ ਦਿਲੋਂ ਧੰਨਵਾਦ ਜੀ

ਪ੍ਰਧਾਨ ਜਸਵੀਰ ਸਿੰਘ 9876250317 ਸ : ਜਰਨੈਲ ਸਿੰਘ UK +44 7830202647

ਸ : ਗੁਰਦੇਵ ਸਿੰਘ 9872105611
ਸ : ਕੇਵਲ ਸਿੰਘ UK +44 7875355172




## ਸ਼ਹੀਦ ਬਾਬਾ ਦੀਪ ਸਿੰਘ ਜੀ ਸਪੋਰਟਸ ਕਲੱਬ ਵੱਲੋਂ ਪਹਿਲਾਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ



**ਚੌਕ ਮਹਿਤਾ, 21 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸ਼ਹੀਦ ਬਾਬਾ ਦੀਪ ਸਿੰਘ ਜੀ ਸਪੋਰਟਸ ਕਲੱਬ ਟਕਾਪੁਰ, ਗ੍ਰਾਮ ਪੰਚਾਇਤ ਪਿੰਡ ਟਕਾਪੁਰ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਪਿੰਡ ਟਕਾਪੁਰ ਦੇ ਸਟੇਡੀਅਮ ਵਿੱਚ ਪਹਿਲਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਪਿੰਡ ਟਕਾਪੁਰ ਦੀ ਟੀਮ ਨੇ ਫਾਈਨਲ ਮੈਚ ਵਿੱਚ ਬੱਲਪੁਰੀਆ ਦੀ ਟੀਮ ਨੂੰ ਹਰਾ ਕੇ ਪਹਿਲ ਸਥਾਨ ਪ੍ਰਾਪਤ ਕੀਤਾ ਅਤੇ ਗੋਲਡ ਕੱਪ ਜਿੱਤਿਆ। ਛੋਟੇ ਬੱਚਿਆਂ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ, ਜਿਸ ਵਿੱਚ ਟਕਾਪੁਰ ਦੀ ਅੰਡਰ ਗਿਆਰਾਂ ਟੀਮ ਨੇ ਭੋਮਾ ਪਿੰਡ ਦੀ ਟੀਮ ਨੂੰ ਹਰਾਇਆ ।ਟਕਾਪੁਰ ਫੁੱਟਬਾਲ ਅਕੈਡਮੀ ਦੇ ਸਰਪ੍ਰਸਤ ਸ੍ਰ ਗੁਰਬਿੰਦਰ ਸਿੰਘ ਬੱਲ ਯੂ ਐਸ ਏ ਵੱਲੋਂ ਆਪਣੇ ਪਿਤਾ ਸਵਰਗਵਾਸੀ ਸ੍ਰ ਦੀਦਾਰ ਸਿੰਘ ਬੱਲ ਸਾਬਕਾ ਸਰਪੰਚ ਜੀ ਦੀ ਯਾਦ ਵਿੱਚ ਟੂਰਨਾਮੈਂਟ ਲਈ ਵਿਸ਼ੇਸ਼ ਸਹਿਯੋਗ ਦਿੱਤਾ। ਸ੍ਰ ਹਰਉਪਕਾਰ ਸਿੰਘ ਯੂਕੇ, ਸ੍ਰ ਜਤਿੰਦਰ ਸਿੰਘ ਕੈਨੇਡਾ, ਸ੍ਰ ਗੁਰਸ਼ਰਨ ਸਿੰਘ ਯੂ ਐਸ ਏ, ਸ੍ਰ ਕਰਨਬੀਰ ਸਿੰਘ ਆਸਟ੍ਰੇਲੀਆ ਵੱਲੋਂ ਅਤੇ ਹੋਰ ਵੀ ਬਹੁਤ ਸਾਰੇ ਐਨ ਆਰ ਆਈ ਸੱਜਣਾ ਵੱਲੋਂ ਵਡਮੁੱਲਾ ਯੋਗਦਾਨ ਪਾਇਆ ਗਿਆ। ਸਮਾਪਤੀ ਸਮਾਰੋਹ ਦੀ ਦੌਰਾਨ ਮੁੱਖ ਮਹਿਮਾਨ ਸ੍ਰ ਜਸਬੀਰ ਸਿੰਘ ਡਿੰਪਾ ਗਿੱਲ(ਮੈਂਬਰ ਪਾਰਲੀਮੈਂਟ ਹਲਕਾ ਸ੍ਰੀ ਖਡੂਰ ਸਾਹਿਬ) ਵੱਲੋਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਸ੍ਰੀ ਡਿੰਪਾ ਗਿੱਲ ਨੇ ਟੂਰਨਾਮੈਂਟ ਕਮੇਟੀ ਅਤੇ ਪੰਚਾਇਤ ਦੇ ਇਸ ਉੱਦਮ ਦੀ ਪ੍ਰਸ਼ੰਸਾ ਕੀਤੀ ਅਤੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸ੍ਰ ਹਰਪਾਲ ਸਿੰਘ ਸਰਪੰਚ, ਸ੍ਰ ਸੁਖਦੇਵ ਸਿੰਘ ਬਿੱਟੂ ਸੀਨੀਅਰ ਕਿਸਾਨ ਆਗੂ, ਸ੍ਰ ਗੁਰਦੇਵ ਸਿੰਘ ਟੋਨੀ ਪੰਚਾਇਤ ਮੈਂਬਰ, ਸ੍ਰ ਗਿਆਨ ਸਿੰਘ ਪੰਚਾਇਤ ਮੈਂਬਰ, ਸ੍ਰ ਭੁਪਿੰਦਰ ਸਿੰਘ,ਸ੍ਰ ਰੁਪਿੰਦਰ ਸਿੰਘ, ਥਾਣੇਦਾਰ ਸਰਬਜੀਤ ਸਿੰਘ, ਬਾਬਾ ਬਿਕਰਮਜੀਤ ਸਿੰਘ ਗ੍ਰੰਥੀ, ਸ੍ਰ ਕੁਲਵੰਤ ਸਿੰਘ ਸਾਬਕਾ ਸਰਪੰਚ, ਸ੍ਰ ਸੁਖਦੇਵ ਸਿੰਘ ਪ੍ਰਧਾਨ, ਸ੍ਰ ਸੁੱਚਾ ਸਿੰਘ,ਸ੍ਰ ਬਲਵਿੰਦਰ ਸਿੰਘ ਸੈਕਟਰੀ, ਸ੍ਰ ਭਗਵੰਤ ਸਿੰਘ,ਸ੍ਰ ਹਰਦਿਆਲ ਸਿੰਘ ਨੰਬਰਦਾਰ,ਸ੍ਰ ਜਤਿੰਦਰ ਸਿੰਘ ਪੱਡਾ, ਸੂਬੇਦਾਰ ਹਰੀ ਸਿੰਘ ਜੀ,ਸ੍ਰ ਜੈਮਲ ਸਿੰਘ ਬੋਲੇਵਾਲ, ਸ੍ਰ ਬਲਜੀਤ ਸਿੰਘ ਭੱਟੀ ਸਠਿਆਲਾ, ਸ੍ਰ ਅਮਰੀਕ ਸਿੰਘ ਸਰਪੰਚ ਕਰਤਾਰਪੁਰ, ਸ੍ਰ ਸੁਖਵਿੰਦਰ ਸਿੰਘ ਲਾਡੀ ਸਰਪੰਚ ਸੱਤੋਵਾਲ, ਸ੍ਰ ਮਲਕੀਤ ਸਿੰਘ ਸਰਪੰਚ ਸ਼ਾਹਪੁਰ, ਸ੍ਰ ਸੁਖਵੰਤ ਸਿੰਘ ਬਿੱਲੂ ਸਰਪੰਚ ਬੁਤਾਲਾ, ਸ੍ਰ ਸੰਦੀਪ ਸਿੰਘ ਸੰਨੀ,ਸ੍ਰ ਬਚਿੱਤਰ ਸਿੰਘ ਬੋਲੇਵਾਲ, ਸ੍ਰ ਗੁਰਜਿੰਦਰ ਸਿੰਘ, ਸ੍ਰ ਪਲਵਿੰਦਰ ਸਿੰਘ, ਸ੍ਰ ਗੁਰਪ੍ਰੀਤ ਸਿੰਘ, ਸ੍ਰ ਸੁਖਬੀਰ ਸਿੰਘ, ਸ੍ਰ ਰਾਜਵਿੰਦਰ ਸਿੰਘ, ਸ੍ਰ ਜਸਬੀਰ ਸਿੰਘ ਜੱਸਾ, ਸ੍ਰ ਪਲਵਿੰਦਰ ਸਿੰਘ ਭੁੱਲਰ, ਸ੍ਰ ਪਰਮਜੀਤ ਸਿੰਘ ਸ਼ਾਹ, ਸ੍ਰ ਕੰਵਲਪ੍ਰੀਤ ਸਿੰਘ, ਸ੍ਰ ਬਲਵਿੰਦਰ ਸਿੰਘ ਮੈਂਬਰ ਪੰਚਾਇਤ, ਸ੍ਰ ਸਤਿੰਦਰ ਸਿੰਘ, ਸ੍ਰ ਹਰਜੀਤ ਸਿੰਘ, ਸ੍ਰ ਕੁਲਵਿੰਦਰ ਸਿੰਘ, ਸ੍ਰ ਲਖਵੀਰ ਸਿੰਘ ਲੱਖਾ, ਡਾਕਟਰ ਹਰਜੀਤ ਸਿੰਘ,ਸ੍ਰ ਲਖਵਿੰਦਰ ਸਿੰਘ ਲੱਖਾ, ਸ੍ਰ ਗੁਰਮੇਲ ਸਿੰਘ, ਸ੍ਰ ਅਨੋਖ ਸਿੰਘ, ਸ੍ਰ ਦਿਆਲ ਸਿੰਘ, ਸ੍ਰ ਬੂਟਾ ਸਿੰਘ, ਸ੍ਰ ਹਰੀ ਸਿੰਘ, ਸ੍ਰ ਸੁਰਿੰਦਰ ਸਿੰਘ, ਸ੍ਰ ਸੁਖਦੇਵ ਸਿੰਘ ਖੱਬੇ, ਸ੍ਰ ਬਲਜਿੰਦਰ ਸਿੰਘ, ਸ੍ਰ ਗੁਰਮੇਲ ਸਿੰਘ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਹੋਏ। ਸ੍ਰ ਹਰਪਾਲ ਸਿੰਘ ਸਰਪੰਚ ਜੀ, ਸ੍ਰ ਗੁਰਦੇਵ ਸਿੰਘ ਮੈਂਬਰ ਪੰਚਾਇਤ ਅਤੇ ਸ੍ਰ ਸੁਖਦੇਵ ਸਿੰਘ ਬਿੱਟੂ ਜੀ ਸਣੇ ਹਾਜ਼ਰ ਪਤਵੰਤਿਆਂ ਵੱਲੋਂ ਨੇ ਮੈਂਬਰ ਪਾਰਲੀਮੈਂਟ ਸਾਹਿਬ ਦਾ ਸਵਾਗਤ ਕੀਤਾ ਗਿਆ ਅਤੇ ਸਮੂਹ ਐਨ ਆਰ ਆਈ ਸੱਜਣਾ ਅਤੇ ਪਿੰਡ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ ਅਤੇ ਟਕਾਪੁਰ ਦੇ ਕੋਚ ਜੁਗਰਾਜ ਸਿੰਘ ਨੂੰ ਸ਼ਾਬਾਸ਼ ਦਿੱਤੀ ਅਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

## ਆਮ ਆਦਮੀ ਪਾਰਟੀ ਦੀ ਸਰਕਾਰ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ : ਢੀਂਡਸਾ



**ਚੰਡੀਗੜ੍ਹ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਆਪ ਨੂੰ ਇਮਾਨਦਾਰਾਂ ਦੀ ਸਰਕਾਰ ਕਹਾਉਂਦੀ ਹੈ ਮੁੱਖ ਮੰਤਰੀ ਭਗਵੰਤ ਮਾਨ ਵੀ ਸੰਗਰੂਰ ਨੂੰ ਰਾਜਧਾਨੀ ਕਹਿੰਦੇ ਹਨ। ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਅਤੇ ਕਰ ਅਤੇ ਆਬਕਾਰੀ ਮੰਤਰੀ ਦੇ ਹਲਕੇ ਦੇ ਪਿੰਡ ਗੁੱਜਰਾਂ ਵਿੱਚ ਸ਼ਰੇਆਮ ਹਰਿਆਣਾ ਦੀ ਨਜਾਇਜ਼ ਸ਼ਰਾਬ ਵਿਕ ਰਹੀ ਹੈ। ਇਸ ਹਾਦਸੇ ਦੇ ਵਾਪਰਨ ਵਿੱਚ ਦੋਸ਼ੀ ਅਫ਼ਸਰਾਂ ਤੇ ਸਖਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਇਸ ਹਾਦਸੇ ਵਿੱਚ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਇੱਕ ਇੱਕ ਕਰੋੜ ਰੁਪਿਆ ਦੇਵੇ। ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਜਿਸ ਦੇ ਨਤੀਜੇ ਵਜੋਂ ਇਹ ਹਾਦਸਾ ਵਾਪਰਿਆ ਹੈ। ਸਰਕਾਰ ਵੱਲੋਂ ਬਣਾਈ ਜਾਣ ਵਾਲੀ ਜਾਂਚ ਕਮੇਟੀ ਸਿਰਫ਼ ਖ਼ਾਨਾਪੂਰਤੀ ਲਈ ਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV




ਹੋਲੇ ਮਹੱਲੇ ਮੁੱਖ ਰੱਖ ਦੇ ਪਿੰਡ ਬੱਗਾ, ਬਾਲਾ ਪਾਈ ਕਲੇਰ ਰਾਮ ਦਿਵਾਲੀ ਸਾਂਝੇ ਤੌਰ ਤੇ ਗੁਰੂ ਲੰਗਰ ਲਗਾਇਆ ਗਿਆ ।ਇਸ ਦੌਰਾਨ ਸੰਗਤਾ ਨੇ ਜਲੇਬੀਆਂ ਦਾ ਲੰਗਰ ਲਗਾਇਆ ਗਿਆ। ਮੀਰੀ ਪੀਰੀ ਅਕੈਡਮੀ ਦੇ ਸਿੰਘਾ ਨੇ ਗਤਗਾ ਵੀ ਖੇਡਿਆ ਗਿਆ ( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV





# ਪੰਜਾਬੀ ਲਿਖਾਰੀ ਸਭਾ ਵੱਲੋਂ ਪੰਜ ਮਹਿਲਾ ਕਵਿੱਤਰੀਆਂ ਦਾ ਸਨਮਾਨ



**ਚੌਕ ਮਹਿਤਾ, 21 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬੀ ਲਿਖਾਰੀ ਸਭਾ (ਰਜਿ) ਜਲੰਧਰ ਬੇਅੰਤ ਸਿੰਘ ਸਰਹੱਦੀ ਦੀ ਰਹਿਨੁਮਾਈ ਹੇਠ ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਇਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਜ ਉੱਘੀਆਂ ਮਹਿਲਾ ਵਿਦਵਾਨਾਂ, ਲੇਖਕਾਂ ਅਤੇ ਸਮਾਜ ਸੇਵੀ ਮਹਿਲਾਵਾਂ ਨੂੰ "ਪੰਜਾਬੀ ਮਾਂ ਬੋਲੀ ਦਾ ਮਾਣ" ਐਵਾਰਡ ਦੇ ਕੇ ਸਨਮਾਨ ਦਿੱਤਾ ਗਿਆ। ਜਿਸ ਵਿੱਚ ਨਿਰਮਲ ਕੌਰ ਕੋਟਲਾ (ਪ੍ਰਧਾਨ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ), ਸੁਖਵੰਤ ਕੌਰ ਵੱਸੀ ਪ੍ਰਧਾਨ ਪੰਜਾਬੀ ਸਾਹਿਤ ਸਭਾ (ਇਸਤਰੀ ਵਿੰਗ), ਅੰਜੂ ਅਮਨਦੀਪ ਕੌਰ ਗਰੋਵਰ ਉੱਘੀ ਸਾਹਿਤਕਾਰਾ, ਕੁਲਦੀਪ ਕੌਰ ਸਹਿਗਲ ਸਮਾਜ ਸੇਵਿਕਾ ਅਤੇ ਬਲਬੀਰ ਕੌਰ ਰਾਏਕੋਟੀ ਪ੍ਰਧਾਨ ਵਿਸ਼ਵ ਪੰਜਾਬੀ ਸਭਾ ਕਨੇਡਾ (ਭਾਰਤ) ਸ਼ਾਮਿਲ ਹਨ। ਸਭਾ ਦੇ ਚੇਅਰਮੈਨ ਪ੍ਰੋ: ਦਲਬੀਰ ਸਿੰਘ ਰਿਆੜ ਨੇ ਸਨਮਾਨਿਤ ਸ਼ਖਸੀਅਤਾਂ ਦੀ ਜਾਣ ਪਹਿਚਾਣ ਅਤੇ ਸਾਹਿਤਕ ਖੇਤਰ ਵਿੱਚ ਉਹਨਾਂ ਦੀ ਦੇਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਨਮਾਨਿਤ ਸ਼ਖ਼ਸੀਅਤਾਂ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਪੰਜਾਬੀ ਸਾਹਿਤ ਅਕਾਡਮੀ ਦੇ ਮੀਤ ਪ੍ਰਧਾਨ ਗੁਰਚਰਨ ਕੌਰ ਕੋਛੜ, ਇੰਜੀਨੀਅਰ ਕਰਮਜੀਤ ਸਿੰਘ (ਸੰਪਾਦਕ ਖੜਗ), ਮਾ: ਮਨਜੀਤ ਸਿੰਘ ਵੱਸੀ ਬਾਬਾ ਬਕਾਲਾ ਸਾਹਿਬ ਅਤੇ ਸਭਾ ਦੇ ਸਰਪ੍ਰਸਤ ਬੇਅੰਤ ਸਿੰਘ ਸਰਹੱਦੀ ਨੇ ਵੀ ਆਪਣੇ ਵੀਚਾਰ ਸਾਂਝੇ ਕੀਤੇ। ਸਭਾ ਦੇ ਪ੍ਰਧਾਨ ਹਰਭਜਨ ਸਿੰਘ ਨਾਹਲ ਨੇ ਆਏ ਮਹਿਮਾਨਾਂ ਅਤੇ ਸ਼ਰੋਤਿਆਂ ਦਾ ਧੰਨਵਾਦ ਕੀਤਾ। ਕਵੀ ਦਰਬਾਰ ਵਿਚ ਉੱਘੇ ਕਵੀਆਂ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਇਸ ਮੌਕੇ ਸਮਾਗਮ ਵਿੱਚ ਹਰਜਿੰਦਰ ਸਿੰਘ ਜਿੰਦੀ, ਹਰਭਜਨ ਸਿੰਘ ਨਾਹਲ, ਮਾਸਟਰ ਮਹਿੰਦਰ ਸਿੰਘ ਅਨੇਜਾ, ਦਲਬੀਰ ਸਿੰਘ ਰਿਆੜ, ਰਛਪਾਲ ਸਿੰਘ ਵਾਲੀਆ, ਪ੍ਰਦੀਪ ਕੁਮਾਰ ਪੰਜਾਬੀ ਲੈਕਚਰਾਰ, ਸਤਿੰਦਰ, ਪਵੀ ਟਿਵਾਣਾ, ਅਵਤਾਰ ਸਿੰਘ ਬੈਂਸ, ਗੁਰਦੀਪ ਸਿੰਘ ਉਜਾਲਾ, ਗੁਰਬਚਨ ਕੌਰ ਦੁਆ, ਰਾਮਪਾਲ ਕੌਰ, ਕਮਲਜੀਤ ਸਿੰਘ, ਗੁਰਮਿੰਦਰ ਕੌਰ, ਸੁਰਜੀਤ ਸਿੰਘ ਸਸਤਾ ਆਇਰਨ, ਅਮਰ ਸਿੰਘ ਅਮਰ, ਸਾਹਿਬਾ ਜੀਟਨ ਕੌਰ, ਕੁਲਵਿੰਦਰ ਸਿੰਘ ਗਾਖ਼ਲ, ਅਮ੍ਰਿਤਪਾਲ ਸਿੰਘ ਹਾਮੀ, ਮਨਦੀਪ ਸਿੰਘ, ਪ੍ਰਸ਼ੋਤਮ ਲਾਲ ਸਰੋਏ, ਇੰਜੀ: ਕਰਮਜੀਤ ਸਿੰਘ, ਅਵਤਾਰ ਸਿੰਘ, ਗਗਨਦੀਪ ਸਿੰਘ ਸਰਾਂ, ਰਨਦੀਪ ਕੌਰ, ਸੁਖਦੇਵ ਸਿੰਘ ਗੰਡਵਾਂ, ਜਸਪਾਲ ਜੀਰਵੀ, ਮਨਜੀਤ ਸਿੰਘ ਵੱਸੀ, ਸ਼ੇਲਿੰਦਰਜੀਤ ਸਿੰਘ ਰਾਜਨ, ਗੁਰਦੀਪ ਸਿੰਘ ਉਜਾਲਾ, ਸੁਰਜੀਤ ਸਿੰਘ ਸਸਤਾ ਆਇਰਨ, ਅਮ੍ਰਿਤਪਾਲ ਕੌਰ, ਅਤੇ ਕੰਵਰ ਸਤਨਾਮ ਸਿੰਘ ਖਾਲਸਾ ਸਕੂਲ ਦੇ ਬੱਚੇ ਆਦਿ ਸ਼ਾਮਿਲ ਹੋਏ। ਸਟੇਜ ਸਕੱਤਰ ਦੀ ਸੇਵਾ ਸਾਹਿਬਾ ਜੀਟਨ ਕੌਰ ਫਗਵਾੜਾ ਨੇ ਬਾਖ਼ੂਬੀ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV

# ਅੰਮ੍ਰਿਤਸਰ ਦਾ ਸਰਵਪੱਖੀ ਵਿਕਾਸ ਹੀ ਮੇਰੀ ਪਹਿਲ : ਤਰਨਜੀਤ ਸਿੰਘ ਸੰਧੂ



**ਅੰਮ੍ਰਿਤਸਰ 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਰਾਜਦੂਤ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਸ਼੍ਰੀ ਅੰਮ੍ਰਿਤਸਰ ਦਾ ਸਰਵਪੱਖੀ ਵਿਕਾਸ ਗੁਰੂ ਸਾਹਿਬਾਨ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਯੋਜਨਾਬੱਧ ਤਰੀਕੇ ਨਾਲ ਕਰਾਇਆ ਜਾਵੇਗਾ। ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸ਼ਹਿਰ ਦੇ ਆਲ਼ੇ ਦੁਆਲੇ ਦੇ ਨਗਰਾਂ ਨੂੰ ਵੀ ਵਿਕਸਤ ਕਰਾਏ ਜਾਣਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਧਾਰਮਿਕ ਆਸਥਾ ਦਾ ਕੇਂਦਰ ਹੀ ਨਹੀਂ ਗੁਰੂ ਸਾਹਿਬਾਨ ਨੇ ਇਸ ਦੇ ਵਿਕਾਸ ਅਤੇ ਵਪਾਰ ਨੂੰ ਪ੍ਰਫੁਲਿਤ ਕਰਨ ਲਈ ਕਈ ਬਜ਼ਾਰ ਸਥਾਪਿਤ ਕੀਤੇ ਸਨ। ਹੁਨਰਮੰਦਾਂ ਅਤੇ ਕਾਰੋਬਾਰੀਆਂ ਨੂੰ ਇਥੇ ਵਸਾਇਆ ਗਿਆ। ਛੋਟੇ ਵੱਡੇ ਉਦਯੋਗ ਸਥਾਪਿਤ ਕਰਾਏ ਗਏ। ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪਿੰਡ ਨੰਗਲੀ ਵਿਖੇ ਨਿਰਮਲ ਸਿੰਘ ਨੰਗਲ ਵੱਲੋਂ ਬੀਤੇ ਦਿਨੀਂ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਾਂ ਬਦਲ ਗਿਆ ਹੈ, ਹੁਣ ਸ਼ਹਿਰ ਆਧੁਨਿਕ ਤਰਜ਼ 'ਤੇ ਵਿਕਾਸ ਦੀ ਮੰਗ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਨਮੂਨੇ ਦਾ ਸੁੰਦਰ ਸ਼ਹਿਰ ਬਣਾਉਣ ਤੋਂ ਇਲਾਵਾ ਲੋਕਾਂ ਦੀ ਆਮਦਨ 'ਚ ਵਾਧਾ ਅਤੇ ਕਾਰੋਬਾਰ 'ਚ ਉੱਨਤੀ ਦਾ ਟੀਚਾ ਹਾਸਲ ਕਰਨ ਲਈ ਬਹੁਤ ਕੁਝ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਧਾਰਮਿਕ ਪੱਖੋਂ ਹੀ ਨਹੀਂ ਵਪਾਰ ਲਈ ਜਾਣਿਆ ਜਾਂਦਾ ਰਿਹਾ, ਉਸ ਮੁਕਾਮ ਨੂੰ ਮੁੜ ਹਾਸਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੱਖਾਂ ਲੋਕ ਹਰ ਰੋਜ਼ ਇਥੇ ਆਉਂਦੇ ਹਨ। ਉਨ੍ਹਾਂ ਨੂੰ ਘਟ ਤੋਂ ਘਟ ਤਿੰਨ ਦਿਨ ਅੰਮ੍ਰਿਤਸਰ 'ਚ ਠਹਿਰਨ ਲਈ ਮਜਬੂਰ ਹੋਣ ਇਸ ਲਈ ਇੱਥੋਂ ਦੇ ਸੈਰ ਸਪਾਟਾ ਉਦਯੋਗ ਨੂੰ ਪ੍ਰਫੁਲਿਤ ਕਰਨ ਦੀ ਜ਼ਰੂਰ ਹੈ। ਇਤਿਹਾਸਕ ਧਰੋਹਰਾਂ ਦੀ ਕਮੀ ਨਹੀਂ, ਪਰ ਸੰਭਾਲ ਵਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਥੇ ਜਲਿਆਂ ਵਾਲਾ ਬਾਗ ਹੈ, ਮਹਾ ਰਿਸ਼ੀ ਬਾਲਮੀਕ ਦੀ ਦਾ ਤਪ ਅਸਥਾਨ ਸ਼੍ਰੀ ਰਾਮ ਤੀਰਥ ਮੰਦਰ ਹੈ, ਅਟਾਰੀ ਬਾਰਡਰ 'ਤੇ ਰੀਟਰੀਟ ਦੇਖਣ ਲਈ ਦੇਸ਼ ਭਰ ਤੋਂ ਲੋਕ ਆਉਂਦੇ ਹਨ। ਉਨ੍ਹਾਂ ਕਿਹਾ ਕਿ ਖੇਤੀਬਾੜੀ 'ਚ ਨਵੀਨਤਾ ਲਿਆ ਕੇ ਕਿਸਾਨਾਂ ਦੀ ਆਮਦਨ ਵਧਾਇਆ ਜਾ ਸਕਦਾ ਹੈ, ਇਸ ਕਾਰਜ ਲਈ ਅੰਮ੍ਰਿਤਸਰ ਤੋਂ ਕਾਰਗੋ ਫਲਾਈਟਾਂ ਚਲਾਉਣ ਦੀ ਵਿਵਸਥਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੇ ਨੌਜਵਾਨਾਂ 'ਚ ਕਾਬਲੀਅਤ ਦੀ ਕਮੀ ਨਹੀਂ ਪਰ ਅਵਸਰ ਦੀ ਕਮੀ ਜ਼ਰੂਰ ਹੈ। ਉਨ੍ਹਾਂ ਨੂੰ ਹੁਨਰਮੰਦ ਬਣਾ ਕੇ ਅਵਸਰ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੁਝ ਦਹਾਕੇ ਪਹਿਲਾਂ ਅੰਮ੍ਰਿਤਸਰ ਉਦਯੋਗ ਦਾ ਕੇਂਦਰ ਹੋਇਆ ਕਰਦਾ ਸੀ ਹੁਣ ਵੀ ਇਥੇ ਉਦਯੋਗ ਸਥਾਪਿਤ ਕਰਨ ਲਈ ਕੇਂਦਰ ਸਰਕਾਰ ਤੋਂ ਮਦਦ ਅਤੇ ਵਿਦੇਸ਼ਾਂ ਖ਼ਾਸ ਕਰ ਕੇ ਅਮਰੀਕੀ ਕੰਪਨੀਆਂ ਤੋਂ ਪੂੰਜੀ ਨਿਵੇਸ਼ ਕਰਾਉਣ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਨਿਰਮਲ ਸਿੰਘ ਨੰਗਲ, ਹਰਜਿੰਦਰ ਸਿੰਘ ਨੰਗਲ, ਔਲਖ ਪ੍ਰਧਾਨ ਵੱਲੋਂ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿਹਤ ਪੱਖੋਂ ਤੰਦਰੁਸਤ ਮਾਂ ਹੀ ਦੇ ਸਕਦੀ ਹੈ ਸਿਹਤਮੰਦ ਬੱਚੇ ਨੂੰ ਜਨਮ—ਡਾ ਰਮਨ ਗੁਪਤਾ

# ਸਰਕਾਰੀ ਹਸਪਤਾਲਾਂ ਵਿਚ ਹੁੰਦਾ ਹੈ ਮੁਫ਼ਤ ਇਲਾਜ—ਡਾ ਰਮਨ ਗੁਪਤਾ





ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :— ਮਾਂ ਦੀ ਸਿਹਤ ਜੇਕਰ ਤੰਦਰੁਸਤ ਹੋਵੇਗੀ ਤਾਂ ਹੀ ਉਸਦਾ ਬੱਚਾ ਸਿਹਤ ਪੱਖੋਂ ਨਿਰੋਗ ਅਤੇ ਸਿਹਤਮੰਦ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ ਰਮਨ ਗੁਪਤਾ ਐਸ.ਐਮ.ਓ ਮਮਦੋਟ ਵੱਲੋਂ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਨੂੰ ਸੁਰੱਖਿਅਤ ਜਣੇਪੇ ਤੇ ਤੰਦਰੁਸਤ ਰਹਿਣ ਦੇ ਨੁਕਤੇ ਸਾਂਝੇ ਕਰਦਿਆਂ ਕੀਤਾ। ਇਸ ਮੌਕੇ ਡਾ: ਰੇਖਾ ਭੱਟੀ ਮੈਡੀਕਲ ਅਫਸਰ, ਅਨੁਪਮ ਗਾਇਨੀਕਾਲੋਜਿਟ, ਅੰਕੁਸ਼ ਭੰਡਾਰੀ ਬੀ.ਈ.ਈ. ਸਮੇਤ ਗਰਭਵਤੀ ਔਰਤਾਂ ਤੇ ਇਲਾਕਾ ਨਿਵਾਸੀ ਮੌਜੂਦ ਸਨ। ਇਸ ਮੌਕੇ ਡਾ: ਰਮਨ ਗੁਪਤਾ, ਡਾ: ਅਨੁਪਮ, ਡਾਕਟਰ ਰੇਖਾ ਨੇ ਹਾਜ਼ਰੀਨ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗਰਭਵਤੀ ਔਰਤ ਨੂੰ ਬੱਚੇ ਦੀ ਤੰਦਰੁਸਤੀ ਲਈ ਜਿਥੇ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਉਥੇ ਬੱਚੇ ਦੇ ਜਨਮ ਤੋਂ ਛੇ ਮਹੀਨੇ ਤੱਕ ਅਪਣੇ ਦੁੱਧ ਨਾਲ ਪਾਲਣ ਕਰਨਾ ਚਾਹੀਦਾ ਹੈ, ਜੋ ਬੱਚੇ ਲਈ ਅੰਮ੍ਰਿਤ ਵਾਂਗ ਸਾਬਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਗਰਭਵਤੀ ਮਹਿਲਾਵਾਂ ਲਈ ਸਿਹਤ ਵਿਭਾਗ ਵਲੋਂ ਜੇ.ਐਸ.ਐਸ.ਕੇ, ਜੇ.ਐਸ.ਵਾਈ ਸਮੇਤ ਕਈ ਸਿਹਤਪੱਖੀ ਸਕੀਮਾਂ ਚਲਾਈਆਂ ਗਈਆਂ ਹਨ, ਜਿਸ ਤਹਿਤ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਇਲਾਜ ਤੇ ਜਣੇਪੇ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਡਾ: ਅਨੁਪਮ ਨੇ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਗਰਭਵਤੀ ਔਰਤ ਨੂੰ ਜਿਥੇ ਸੂਬਾ ਸਰਕਾਰ ਵੱਲੋਂ 108 ਨੰਬਰ ਐਬੂਲੈਂਸ ਰਾਹੀਂ ਲਿਆਉਣ ਤੇ ਲਿਜਾਣ ਦੀ ਸੁਵਿਧਾ ਹੈ, ਉਥੇ ਡਲੀਵਰੀ ਕੇਸ ਵੀ ਮੁਫਤ ਵਿਚ ਕਰਨ ਦੇ ਨਾਲ—ਨਾਲ ਰਹਿਣ—ਸਹਿਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਡਲੀਵਰੀ ਕਰਵਾਉਣ ਵਾਲੀ ਔਰਤ ਦਾ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾ ਕੇ ਮੁਫਤ ਦਵਾਈਆਂ ਤੇ ਖਾਣਾ ਮੁਈਆ ਕਰਵਾਇਆ ਜਾਂਦਾ ਹੈ ਤਾਂ ਜੋ ਪਰਿਵਾਰ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਹੋਵੇ। ਇਸ ਮੌਕੇ ਬੋਲਦਿਆਂ ਅੰਕੁਸ਼ ਭੰਡਾਰੀ ਬੀ.ਈ.ਈ ਨੇ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਗਰਭਵਤੀ ਔਰਤਾਂ ਦੇ ਨਾਲ—ਨਾਲ ਹਰੇਕ ਮਨੁੱਖ ਨੂੰ ਬਚਾਉਣ ਲਈ ਪੂਰੇ ਪ੍ਰਬੰਧ ਹਨ। ਉਨ੍ਹਾਂ ਕਿਹਾ ਕਿ ਜਿਥੇ ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਵੱਲੋਂ ਆਧੁਨਿਕ ਮਸ਼ੀਨਾਂ ਨਾਲ ਮਰੀਜ਼ਾਂ ਦਾ ਚੈਕਅਪ ਕੀਤਾ ਜਾਂਦਾ ਹੈ, ਉਥੇ ਬਹੁਤੀਆਂ ਬਿਮਾਰੀਆਂ ਦੀ ਦਵਾਈ ਹਸਪਤਾਲ ਵਿਚੋਂ ਮੁਫਤ ਦੇ ਕੇ ਮਰੀਜ਼ ਨੂੰ ਬਚਾਉਣ ਦਾ ਹਰ ਉਪਰਾਲਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਵਿਚ 0—1 ਦੇ ਲੜ੍ਹਕੇ ਅਤੇ 0—5 ਸਾਲ ਦੀਆਂ ਲੜਕੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਸਿਹਤਮੰਤ ਸਮਾਜ ਦੀ ਸਿਰਜਨਾ ਵਿਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਜਿਥੇ ਇਕ ਤੋਂ ਦੂਸਰੇ ਬੱਚੇ ਦੀ ਪਲਾਨਿੰਗ ਵਿਚ 3 ਸਾਲ ਦਾ ਫਰਕ ਹੋਣਾ ਚਾਹੀਦਾ ਹੈ, ਉਥੇ ਔਰਤ ਨੂੰ 20 ਤੋਂ 35 ਸਾਲ ਤੱਕ ਦੀ ਉਮਰ ਵਿਚ ਹੀ ਗਰਭਧਾਰਨ ਕਰਨਾ ਚਾਹੀਦਾ ਹੈ, ਜੋ ਬੱਚੇ ਤੇ ਮਾਂ ਲਈ ਸਹੀ ਸਿੱਧ ਹੁੰਦਾ ਹੈ। ਇਸ ਮੌਕੇ ਮਹਿੰਦਰਪਾਲ ਮ.ਪ.ਹ.ਵ (ਮੇਲ), ਅਮਰਜੀਤ ਮ.ਪ.ਹ.ਵ (ਮੇਲ) ਹਾਜ਼ਰ ਸਨ।

### ਗੁਰਸਿੱਖ ਪਰਿਵਾਰ ਪਰ ਜਾਨੋ ਮਾਰਨ ਦਾ ਹਮਲਾ ਕਰਨ ਤੇ

# ਕਕਾਰਾਂ ਵਿਰੁੱਧ ਭੱਦੀ ਸ਼ਬਦਾਵਲੀ ਵਰਤਣ ਵਾਲੇ ਵਿਰੁੱਧ ਬਿਨ੍ਹਾਂ ਦੇਰੀ ਹੋਵੇ ਕਾਰਵਾਈ—ਸਿੱਖ ਜਥੇਬੰਦੀਆਂ



ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :— ਗੁਰਸਿੱਖ ਪਰਿਵਾਰ ਉਪਰ ਜਾਨੋ ਮਾਰਨ ਦਾ ਹਮਲਾ ਕਰਨ, ਪਰਿਵਾਰ ਨਾਲ ਧੱਕੇਸ਼ਾਹੀ ਕਰਨ ਅਤੇ ਕੰਕਾਰਾਂ ਦਾ ਨਾਮ ਲੈ ਕੇ ਗਾਲ੍ਹਾ ਕੱਢਣ ਤੋਂ ਗੁਸਾਈਆਂ ਸਿੱਖ ਜਥੇਬੰਦੀਆਂ ਵੱਲੋਂ ਇਕੱਤਰਤਾ ਕਰਦਿਆਂ ਜਿਥੇ ਹਮਲਾ ਕਰਨ ਵਾਲਿਆਂ ਦੀ ਅਲੋਚਨਾ ਕੀਤੀ, ਉਥੇ ਪਰਿਵਾਰ ਨੂੰ ਇਨਸਾਫ ਦੁਆਉਣ ਲਈ ਪੁਲਿਸ ਪ੍ਰਸ਼ਾਸਨ ਤੱਕ ਪਹੁੰਚ ਕੀਤੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲਖਬੀਰ ਸਿੰਘ ਮਹਾਲਮ ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਨੇ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਬੱਗੇ ਕੇ ਪਿੱਪਲ ਨਾਲ ਪਿੰਡ ਦੇ ਕੁਝ ਲੋਕ ਜਿਵੇਂ ਹਰਪਾਲ ਸਿੰਘ, ਹਰਪਾਲ ਸਿੰਘ ਦੀ ਪਤਨੀ, ਸ਼ਿੰਗਾਰ ਸਿੰਘ, ਤੇ ਉਸਦੀ ਪਤਨੀ ਦੀਪਾ, ਗੁਰਮੇਲ ਸਿੰਘ ਤੇ ਉਸਦੀ ਪਤਨੀ ਨੇ ਇਕ ਵਾਰ ਫਿਰ ਸੰਤੋਖ ਸਿੰਘ ਤੇ ਹਮਲਾ ਕੀਤਾ ਅਤੇ ਧੀਆਂ—ਭੈਣਾਂ ਦੀਆਂ ਗੰਦੀਆਂ ਗਾਲ੍ਹਾ ਕੱਢੀਆਂ ਅਤੇ ਕਕਾਰਾਂ ਦਾ ਨਾਮ ਲੈ ਕੇ ਬਹੁਤ ਮੰਦੀ ਸ਼ਬਦਾਵਲੀ ਵਰਤੀ ਅਤੇ ਸੰਤੋਖ ਸਿੰਘ ਦੇ ਪਰਿਵਾਰ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਉਕਤ ਮੁਲਜ਼ਮਾਂ ਪਰ ਪਹਿਲਾਂ ਵੀ ਮੁਕੱਦਮਾ ਨੰਬਰ 61/2019 ਦਰਜ ਹੈ। ਉਨ੍ਹਾਂ ਕਿਹਾ ਕਿ ਅੱਜ ਪਿੰਡ ਬੱਗੇ ਕੇ ਪਿੱਪਲ ਵਿਖੇ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸਤਿਕਾਰ ਕਮੇਟੀ ਦੇ ਸਰਪ੍ਰਸਤ ਲਖਬੀਰ ਸਿੰਘ, ਏਕਨੂਰ ਖਾਲਸਾ ਦੇ ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ ਸਾਥੀਆਂ ਸਮੇਤ, ਇੰਟਰਨੈਸ਼ਨਲ ਪੰਥਕ ਦਲ ਦੇ ਆਗ ਬਾਬਾ ਸਤਿਨਾਮ ਸਿੰਘ ਵਲੀਆ ਜਥੇ ਸਮੇਤ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਕੌਮੀ ਪ੍ਰਧਾਨ ਜ਼ਸਪਾਲ ਸਿੰਘ, ਕਲਗੀਧਰ ਅੰਮ੍ਰਿਤ ਸੰਚਾਰ ਜਥੇ ਦੇ ਮੁਖੀ ਬਾਬਾ ਬਲਕਾਰ ਸਿੰਘ ਇਲਮੇਵਾਲਾ ਜਥੇ ਸਮੇਤ, ਭਾਈ ਸੁਖਦੇਵ ਸਿੰਘ ਪੱਲਾ, ਸਤਿਕਾਰ ਕਮੇਟੀ ਜ਼ਿਲ੍ਹਾ ਪ੍ਰਧਾਨ ਭਾਈ ਬਲਕਾਰ ਸਿੰਘ, ਸਤਿਕਾਰ ਕਮੇਟੀ ਜ਼ਿਲ੍ਹਾ ਪੰਜ ਮੈਂਬਰ ਕੁਲਦੀਪ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਪ੍ਰਧਾਨ ਭਾਈ ਜਰਨੈਲ ਸਿੰਘ, ਭਾਈ ਹਰਦੀਪ ਸਿੰਘ ਮੱਲਾਂਵਾਲਾ, ਜਗਤਾਰ ਸਿੰਘ ਮਹਾਲਮ, ਬਲਵਿੰਦਰ ਸਿੰਘ ਮਹਾਲਮ, ਜ਼ਸਪਾਲ ਸਿੰਘ ਮਹਾਲਮ ਅਤੇ ਪਿੰਡ ਦੇ ਸਰਪੰਚ ਰਣਜੀਤ ਸਿੰਘ, ਮੈਂਬਰ ਪੰਚਾਇਤ ਪ੍ਰਤਾਪ ਸਿੰਘ, ਪਰਮਿੰਦਰ ਸਿੰਘ, ਹਰਦਿਆਲ ਸਿੰਘ, ਬਲਵਿੰਦਰ ਸਿੰਘ, ਦਲੀਪ ਸਿੰਘ, ਵੀਰਕਾ ਸੁਰਿੰਦਰ ਸਿੰਘ ਕੇਸਰ, ਨਿਰਮਲ ਸਿੰਘ ਕੇਸਰ, ਲਖਵਿੰਦਰ ਸਿੰਘ ਕੇਸਰ, ਗੋਪਾਲ ਸਿੰਘ ਅਤੇ ਪਿੰਡ ਦੇ ਮੋਹਤਬਰ ਬੰਦੇ ਅਤੇ ਹੋਰ ਸਿੱਖ ਆਗੂਆਂ ਵੱਲੋਂ ਅੱਜ ਪਿੰਡ ਬੱਗੇ ਕੇ ਪਿੱਪਲ ਵਿਖੇ ਕੀਤੀ ਇਕੱਤਰਤਾ ਦੌਰਾਨ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਕਦੇ ਵੀ ਇਹ ਬਰਦਾਸ਼ਤ ਨਹੀਂ ਕਰਾਂਗੇ ਕਿ ਕੋਈ ਸ਼ਰਾਰਤੀ ਅਨਸਰ ਸਾਡੇ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਹੋਏ ਕੰਕਾਰਾਂ ਬਾਰੇ ਏਨ੍ਹੀ ਭੱਦੀ ਸ਼ਬਦਾਵਲੀ ਬੋਲੇ। ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਕਿ ਸੰਤੋਖ ਸਿੰਘ ਨਾਲ ਹੋਏ ਧੱਕੇ, ਕੰਕਾਰਾਂ ਬਾਰੇ ਭੱਦੀ ਸ਼ਬਦਾਵਲੀ ਬੋਲਣ ਵਾਲਿਆਂ ਵਿਰੁੱਧ 295ਏ ਅਤੇ ਹੋਰ ਬਣਦੀਆਂ ਧਰਾਵਾਂ ਤਹਿਤ ਪਰਚਾ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਵੱਲੋਂ ਸਖਤ ਕਾਰਵਾਈ ਅਮਲ ਵਿਚ ਨਾ ਲਿਆਂਦੀ ਗਈ ਤਾਂ ਸਾਰੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਮੀਟਿੰਗ ਸੱਦ ਕੇ ਸਖਤ ਫੈਸਲਾ ਲਿਆ ਜਾਵੇਗਾ। ਇਸ ਮੌਕੇ ਭਾਈ ਸੁਖਦੇਵ ਸਿੰਘ ਪੱਲਾ ਨੇ ਕਿਹਾ ਕਿ ਜੇਕਰ ਕਾਨੂੰਨ ਅਨੁਸਾਰ ਸਾਨੂੰ ਇਨਸਾਫ ਨਾ ਦਿੱਤਾ ਤਾਂ ਉਕਤ ਦੋਸ਼ੀਆਂ ਨੂੰ ਸਿੱਖ ਰਵਾਇਤਾਂ ਅਨੁਸਾਰ ਫਿਰ ਸੋਧਾ ਲਾਇਆ ਜਾਵੇਗਾ। ਪਿੰਡ ਦੇ ਸਰਪੰਚ ਨੇ ਵਿਸਵਾਸ਼ ਦਿਵਾਇਆ ਕਿ ਸੰਤੋਖ ਸਿੰਘ ਸੱਚਾ ਹੈ ਅਤੇ ਅਸੀਂ ਇਸ ਨੂੰ ਇਨਸਾਫ ਦਿਵਾਉਣ ਦੀ ਪੁਰਜ਼ੋਰ ਕੋਸ਼ਿਸ਼ ਕਰਾਂਗੇ। ਉਨ੍ਹਾਂ ਕਿਹਾ ਕਿ ਜੇਕਰ ਸੰਤੋਖ ਸਿੰਘ ਅਤੇ ਉਸਦੇ ਪਰਿਵਾਰ ਦਾ ਕੋਈ ਜਾਨੀ—ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸਦੇ ਜਿੰਮੇਵਾਰ ਉਕਤ ਦੋਸ਼ੀ ਹੋਣਗੇ।

## ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਆਸਲ ਵੱਲੋਂ ਹੋਲੇ ਮੁਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਲੰਗਰ 22 ਮਾਰਚ ਤੋਂ ਲੈ ਕੇ 26 ਮਾਰਚ ਤੱਕ ਲਾਇਆ ਜਾਵੇਗਾ—ਸੰਤ ਬਾਬਾ ਭਗਤ ਮਿਲਖਾ ਸਿੰਘ



ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :— ਗੁਰਦੁਆਰਾ ਸ੍ਰੀ ਗੁਰੂ ਰਾਮ ਦਾਸ ਪੁਰੀ ਅਰਮਾਨ ਪੁਰਾ ਆਸਲ ਵੱਲੋਂ ਹੋਲੇ ਮੁਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਲੰਗਰ 22 ਮਾਰਚ ਤੋਂ ਲੈ ਕੇ 26 ਮਾਰਚ ਤੱਕ ਲਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਆਸਲ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਭਗਤ ਮਿਲਖਾ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਹੋਲੇ ਮੁਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ 22 ਮਾਰਚ ਤੋਂ 26 ਮਾਰਚ ਤੱਕ ਲੰਗਰ ਲਾਇਆ ਜਾਵੇਗਾ। ਇਹ ਲੰਗਰ ਗੁਰਦੁਆਰਾ ਡੇਰਾ ਮਾਤਾ ਸਾਹਿਬ ਕੌਰ ਜੀ (ਅਕੈਡਮੀ ਰੋਡ ਨਹਿਰਾਂ ਦੇ ਪੁੱਲ ਦੇ ਨਾਲ) ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮੂਹ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਲਾਇਆ ਜਾਵੇਗਾ। ਬਾਬਾ ਜੀ ਨੇ ਸਮੂਹ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਲਾਇਆ ਜਾਵੇਗਾ। ਬਾਬਾ ਜੀ ਨੇ ਸਮੂਹ ਇਲਾਕੇ ਭਰ ਦੀਆਂ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਸੰਗਤਾਂ ਭਾਰੀ ਗਿਣਤੀ ਵਿਚ ਲੰਗਰ ਸੇਵਾ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਤੇ ਇੰਦਰਪਾਲ ਸਿੰਘ ਮੈਨੇਜਰ ਗੁਰੂ ਰਾਮਾਦਾਸ ਸੀਨੀਅਰ ਪਬਲਿਕ ਸਕੂਲ ਸ਼ਾਹਦੀਨ ਵਾਲਾ ਅਤੇ ਭਾਈ ਨਿਰਵੈਰ ਸਿੰਘ ਵੀ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਗੁਰੂ ਨਾਨਕ ਸੰਗਤ ਸਾਹਿਬ ਬਰਾਂਚ ਦਮਦਮੀ ਟਕਸਾਲ ਮਹਿਤਾ ਪਿੰਡ ਝੋਕ ਮੋਹੜੇ ਵਿਖੇ ਅਨੇਕਾਂ ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਕੇ ਜਹਾਜੇ ਚੜ੍ਹੇ





ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :— ਗੁਰਦੁਆਰਾ ਸ੍ਰੀ ਗੁਰੂ ਨਾਨਕ ਸੰਗਤ ਸਾਹਿਬ ਬਰਾਂਚ ਦਮਦਮੀ ਟਕਸਾਲ ਮਹਿਤਾ ਪਿੰਡ ਝੋਕ ਮੋਹੜੇ ਵਿਖੇ ਅਨੇਕਾਂ ਪ੍ਰਾਣੀਆਂ ਖੰਡੇ ਬਾਟੇ ਦ ਪ੍ਰਾਹੁਲ ਛੱਕ ਕੇ ਗੁਰੂ ਦੇ ਜਹਾਜੇ ਤੇ ਚੜ੍ਹੇ। ਇਸ ਮੌਕੇ ਤੇ ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾਇਆ। ਇਸ ਮੌਕੇ ਤੇ ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਬੋਲਦਿਆਂ ਕਿਹਾ ਕਿ ਸਾਨੂੰ ਵਹਿਮਾਂ—ਭਰਮਾਂ ਤੋਂ ਉਪਰ ਉਠ ਕੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣਾ ਚਾਹੀਦਾ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਮਨੁੱਖਾ ਜੀਵਨ ਕਰਮਾਂ ਭਾਗਾਂ ਵਾਲਿਆਂ ਨੂੰ ਮਿਲਦਾ ਹੈ ਅਤੇ ਮਨੁੱਖ ਇਥੇ ਆ ਕੇ ਕਾਮ ਕਰੋਧ, ਮੋਹ, ਲੋਭ, ਹੰਕਾਰ ਵਿਚ ਫਸ ਕੇ ਰਹਿ ਗਿਆ ਅਤੇ ਉਹ ਇਕ—ਦੂਜੇ ਦੇ ਵੇਖੋ—ਵੇਖੀ ਵਧੀਆ ਮਕਾਨ, ਗੱਡੀਆਂ ਆਦਿ ਰੀਸੋ ਰੀਸ ਲੈਂਦਾ ਹੈ, ਮਨੁੱਖ ਦਾ ਸੁਭਾਅ ਹੈ ਕਿ ਉਹ ਇਕ ਦੂਜੇ ਨੂੰ ਵੇਖ ਕੇ ਸੜਦਾ ਹੈ ਕਿ ਉਸ ਕੋਲ ਉਹ ਹੈ, ਮੇਰੇ ਕੋਲ ਨਹੀਂ ਅਤੇ ਇਸ ਤਰ੍ਹਾਂ ਉਹ ਮਾਇਆ ਪਿਛੇ ਭੱਜਦਾ—ਭੱਜਦਾ ਆਖਿਰ ਅੰਤ ਸਮਾਂ ਆ ਜਾਂਦਾ ਹੈ ਅਤੇ ਫਿਰ ਮਨੁੱਖ ਪਛਤਾਉਂਦਾ ਹੈ ਕਿ ਮੈਂ ਵਾਹਿਗੁਰੂ ਕਾ ਨਾਮ ਨਹੀਂ ਜਪਿਆ। ਇਸ ਲਈ ਸਾਨੂੰ ਵੱਧ ਤੋਂ ਵੱਧ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਚਾਹੀਦਾ ਹੈ। ਬਾਬਾ ਜੀ ਨੇ ਕਿਹਾ ਕਿ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਪੰਜ ਕੰਕਾਰਾਂ ਦੀ ਸਾਂਭ—ਸੰਭਾਲ ਮਰਿਯਾਦਾ ਵਿਚ ਰਹਿ ਕੇ ਕਰੋ ਅਤੇ ਵੱਧ ਤੋਂ ਵੱਧ ਨਾਮ ਸਿਮਰਨ ਕਰੋ ਤਾਂ ਹੀ ਦੁਹਾਡਾ ਪਾਰ ਉਤਾਰਾ ਹੋ ਸਕਦਾ ਹੈ। ਇਸ ਮੌਕੇ ਤੇ ਭਾਈ ਰਛਪਾਲ ਸਿੰਘ ਜੀ ਜਥੇਦਾਰ ਗੁਰਦੁਆਰਾ ਸਾਹਿਬ ਵੀ ਹਾਜ਼ਰ ਸਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਸਾਬਕਾ ਸੈਨਿਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਹੋਈ ਮੀਟਿੰਗ



ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :— ਇਡੀਅਨ ਐਕਸ ਸਰਵਿਸਮੈਨ ਲੀਗ ਫਿਰੋਜ਼ਪੁਰ ਦੀ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫਿਰੋਜ਼ਪੁਰ ਛਾਉਣੀ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਕੈਪਟਨ ਜਗੀਰ ਸਿੰਘ ਨੇ ਕੀਤੀ। ਇੰਡੀਅਨ ਐਕਸ ਸਰਵਿਸਮੈਨ ਲੀਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸੂਬੇਦਾਰ ਧੀਰਾ ਸਿੰਘ ਜਨਰਲ ਸਕੱਤਰ ਨੇ ਕਿਹਾ ਕਿ ਲੀਗ ਸਾਬਕਾ ਸੈਨਿਕਾਂ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ ਅਤੇ ਅੱਜ ਦੀ ਮੀਟਿੰਗ ਪਿਛਲੀ ਮੀਟਿੰਗ ਦੇ ਪੁਆਇੰਟ ਉਪਰ ਵਿਚਾਰ ਚਰਚਾ ਹਿੱਤ ਕੀਤੀ ਗਈ, ਜਿਸ ਤੇ ਸਾਰੇ ਸਾਬਕਾ ਸੈਨਿਕਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਹਾ। ਮੀਟਿੰਗ ਦੌਰਾਨ ਸਾਰਿਆਂ ਨੂੰ ਅਕਾਊਂਟ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇੰਡੀਅਨ ਐਕਸ ਸਰਵਿਸਮੈਨ ਲੀਗ ਦੇ ਦਫ਼ਤਰ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਉਨ੍ਹਾਂ ਇਡੀਅਨ ਐਕਸ ਸਰਵਿਸਮੈਨ ਲੀਗ ਦੇ ਨਾਲ ਜੁੜਨ ਵਾਸਤੇ ਸਾਬਕਾ ਸੈਨਿਕਾਂ ਨੂੰ ਪ੍ਰੇਰਿਆ ਅਤੇ ਲੀਗ ਦੇ ਸੰਵਿਧਾਨ ਦੀ ਜਾਣਕਾਰੀ ਦਿੱਤੀ ਗਈ ਅਤੇ ਕੰਮ ਕਰਨ ਦੇ ਤਰੀਕਿਆਂ ਉਤੇ ਚਰਚਾ ਕੀਤੀ ਗਈ। ਇਸ ਦੌਰਾਨ ਨਵੇਂ ਮੈਂਬਰਾਂ ਦੀ ਚੋਣ ਪ੍ਰਕਿਰਿਆ ਨੂੰ ਦੱਸਣ ਤੋਂ ਬਾਅਦ ਚੋਣ ਦੀ ਕਾਰਵਾਈ ਸ਼ੁਰੂ ਕੀਤੀ ਗਈ, ਮੀਟਿੰਗ ਵਿੱਚ ਘੱਲ ਖ਼ੁਰਦ ਬਲਾਕ, ਜੀਰਾ ਬਲਾਕ, ਮੱਖੂ ਬਲਾਕ, ਲੱਖੋਕੇ ਬਹਿਰਾਮ ਦੇ ਪ੍ਰਧਾਨ ਚੁਨਣ ਅਤੇ ਮੈਂਬਰ ਚੁਣਨ ਦੀ ਪ੍ਰਕਿਰਿਆ ਤੇ ਵਿਚਾਰ ਚਰਚਾ ਕੀਤੀ ਗਈ ਅਤੇ ਅਗਲੀ ਮੀਟਿੰਗ ਵਿੱਚ ਚੁਣਨ ਦਾ ਫੈਸਲਾ ਲਿਆ ਗਿਆ। ਅੰਤ ਵਿੱਚ ਕੈਪਟਨ ਜਗੀਰ ਸਿੰਘ ਸਾਰੇ ਸਾਬਕਾ ਸੈਨਿਕਾਂ ਨੂੰ ਆਪਣੇ ਵਿਚਾਰ ਸਾਂਝੇ ਕਰਦਿਆਂ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਬਕਾ ਸੈਨਿਕਾਂ ਵੀਰ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢਕੇ ਮੀਟਿੰਗ ਵਿੱਚ ਜਰੂਰ ਪਹੁੰਚਣ ਦੀ ਕਿਰਪਲਤਾ ਕਰਨ। ਇਸ ਮੀਟਿੰਗ ਵਿੱਚ ਕੈਪਟਨ ਬਗ਼ੀਚਾ ਸਿੰਘ, ਸੂਬੇਦਾਰ ਸਤਵੰਤ ਸਿੰਘ, ਸੂਬੇਦਾਰ ਜਗੀਰ ਸਿੰਘ, ਸੂਬੇਦਾਰ ਲਛਮਣ ਸਿੰਘ, ਸੂਬੇਦਾਰ ਬਖਸ਼ੀਸ਼ ਸਿੰਘ, ਸੂਬੇਦਾਰ ਰਛਪਾਲ ਸਿੰਘ, ਸੂਬੇਦਾਰ ਧੀਰਾ ਸਿੰਘ, ਹੋਲਦਾਰ ਰਾਜਬੀਰ ਸਿੰਘ, ਹੋਲਦਾਰ ਅਮਰ ਸਿੰਘ, ਹੋਲਦਾਰ ਅਮਰਜੀਤ ਸਿੰਘ, ਹੋਲਦਾਰ ਰਤਨ ਸਿੰਘ, ਹੋਲਦਾਰ ਬਲਵਿੰਦਰ ਸਿੰਘ ਹੋਲਦਾਰ ਹੀਰਾ ਲਾਲ, ਹੋਲਦਾਰ ਗੁਰਪਰੇਮ ਸਿੰਘ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ।

ਬਾਬਾ ਵਧਾਵਾ ਸਿੰਘ ਵਿਦਿਆ ਕੇਂਦਰ ਸਕੂਲ ਛਾਂਗਾ ਖੁਰਦ ਵਿਖੇ

# ਇਨਾਮ ਵੰਡ ਸਮਾਰੋਹ ਕਰਵਾਇਆ








**ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :—** ਬਾਬਾ ਵਧਾਵਾ ਸਿੰਘ ਵਿਦਿਆ ਕੇਂਦਰ ਸਕੂਲ ਛਾਂਗਾ ਖੁਰਦ ਵਿਖੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਅਤੇ ਬਾਬਾ ਵਧਾਵਾ ਸਿੰਘ ਵਿਦਿਆ ਕੇਂਦਰ ਸਕੂਲ ਛਾਂਗਾ ਖੁਰਦ ਦੇ ਸਰਪ੍ਰਸਤ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਆਪਣੀ—ਆਪਣੀ ਕਲਾਸਾਂ ਦੇ ਫਸਟ, ਸੈਕਿੰਡ, ਥਰਡ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਤੇ ਸਭ ਤੋਂ ਪਹਿਲਾਂ ਬੱਚਿਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ ਅਤੇ ਧਾਰਮਿਕ ਸਕਿਟਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਬੋਲਦਿਆਂ ਕਿਹਾ ਕਿ ਭਾਵੇਂਕਿ ਇਹ ਸਕੂਲ ਦੂਜੇ ਸਕੂਲਾਂ ਦੇ ਮੁਕਾਬਲੇ ਇਥੇ ਦੁਨਿਆਵੀਂ ਵਿਦਿਆ ਦੇ ਨਾਲ—ਨਾਲ ਧਾਰਮਿਕ ਵਿਦਿਆ ਦਿੱਤੀ ਜਾਂਦੀ ਹੈ ਅਤੇ ਸੀ.ਬੀ.ਈ.ਐਸ ਪੜ੍ਹਾਈ ਕਰਵਾਈ ਜਾਂਦੀ ਹੈ, ਅਸੀਂ ਸਾਰੇ ਸਾਲ ਵਿਚ ਇਕ ਬੱਚੇ ਕੋਲੋਂ ਸਿਰਫ 6700 ਰੁਪਏ ਲਿਆ ਜਾਂਦਾ ਹੈ, ਇਸ ਤੋਂ ਇਲਾਵਾ ਉਨ੍ਹਾਂ ਬੱਚਿਆਂ ਕੋਲੋਂ ਹੋਰ ਕੋਈ ਪੈਸਾ ਨਹੀਂ ਲਿਆ ਜਾਂਦਾ। ਬਾਬਾ ਜੀ ਨੇ ਅੱਗੇ ਕਿਹਾ ਕਿ ਇਸ ਸਕੂਲ ਵਿਚ ਅਸੀਂ ਪੜ੍ਹਾਈ ਦਾ ਲੰਗਰ ਲਾਇਆ ਹੈ, ਕਿਉਂਕਿ ਦੂਜੇ ਸਕੂਲਾਂ ਵਿਚ ਇਕ ਮਹੀਨੇ ਦਾ ਖਰਚਾ 7 ਤੋਂ 8 ਹਜ਼ਾਰ ਰੁਪਏ ਹੁੰਦਾ ਹੈ, ਜਦ ਕਿ ਸਾਡੇ ਸਕੂਲ ਦੀ ਪੜ੍ਹਾਈ ਵੀ ਆਪਣੇ—ਆਪ ਵਿਚ ਇਕ ਮਿਸਾਲ ਹੈ, ਕਿਉਂਕਿ ਇਸ ਮਹਿੰਗਾਈ ਦੇ ਯੁੱਗ ਵਿਚ ਇਕ ਗਰੀਬ ਮਾਂ—ਬਾਪ ਆਪਣੇ ਬੱਚਿਆਂ ਨੂੰ ਚੰਗੀ ਤਾਮੀਲ ਹਾਸਲ ਨਹੀਂ ਕਰਵਾ ਸਕਦਾ, ਪਰ ਸਾਡੇ ਸਕੂਲ ਵਿਚ ਪੜ੍ਹਾਈ ਦੇ ਨਾਲ—ਨਾਲ ਧਾਰਮਿਕ ਵਿਦਿਆ ਦਿੱਤੀ ਜਾਂਦੀ ਹੈ ਅਤੇ ਬੱਚਾ ਵੱਡਾ ਹੋ ਕੇ ਆਪਣਾ ਅਤੇ ਆਪਣੇ ਪਰਿਵਾਰ ਨੂੰ ਵੀ ਧਾਰਮਿਕ ਪਾਸੇ ਲੈ ਕੇ ਆਵੇਗਾ। ਇਸ ਮੌਕੇ ਤੇ ਪ੍ਰਿੰਸੀਪਲ ਭਾਈ ਅਵਤਾਰ ਸਿੰਘ, ਵਾਈਸ ਪ੍ਰਿੰਸੀਪਲ ਗੁਰਮੀਤ ਸਿੰਘ ਨੇ ਸਾਰੇ ਸਾਲ ਦੀ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਤੇ ਬਾਬਾ ਜੀ ਨੇ ਸਮੂਹ ਸਟਾਫ ਮੈਂਬਰਾਂ ਨੂੰ ਸਨਮਾਨਿਤ ਕੀਤਾ, ਜਿਹੜੇ ਰਾਤ ਦਿਨ ਪੜ੍ਹਾਈ ਕਰਵਾ ਰਹੇ ਹਨ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਜ਼ਸਵੀਰ ਸਿੰਘ ਜ਼ਸੂ, ਭਾਈ ਲੱਖਾ ਸਿੰਘ, ਭਾਈ ਰਮਨਦੀਪ ਸਿੰਘ, ਭਾਈ ਗੁਰਮੇਲ ਸਿੰਘ ਅਰਜਨ, ਭਾਈ ਠਾਕਰ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੇਵਾਦਾਰ ਹਾਜ਼ਰ ਸਨ। ਇਸ ਮੌਕੇ ਤੇ ਮਿਠਾਈ ਤੇ ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਮਿਸ਼ਨ ਸਮਰੱਥ ਤਹਿਤ ਸਕੂਲ ਮੁਖੀਆਂ ਦਾ ਸੈਮੀਨਾਰ ਆਯੋਜਿਤ

**ਅੰਮ੍ਰਿਤਸਰ, 21 ਮਾਰਚ (ਸੁਖਵੰਤ ਸਿੰਘ ਚੰਨਣਕੇ)**-ਡਾਇਰੈਕਟਰ ਰਾਜ ਵਿੱਦਿਅਕ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਹੁਕਮ ਅਨੁਸਾਰ ਅਤੇ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਸ਼੍ਰੀ ਰਾਜੇਸ਼ ਕੁਮਾਰ ਦੀ ਯੋਗ ਅਗਵਾਈ ਹੇਠ ਸਕੂਲ ਆਫ ਐਮੀਂਨੈਂਸ ਸਾਰਾਗੜ੍ਹੀ ਸੀਨੀਅਰ ਸੈਕੰਡਰੀ ਸਕੂਲ, ਟਾਉਨ ਹਾਲ ਅੰਮ੍ਰਿਤਸਰ ਵਿਖੇ ਮਿਸ਼ਨ ਸਮਰੱਥ ਸਬੰਧੀ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਮਿਡਲ, ਹਾਈ, ਸੈਕੰਡਰੀ ਦੇ ਇੰਚਾਰਜਾਂ, ਹੈੱਡਮਾਸਟਰਜ਼ ਅਤੇ ਪ੍ਰਿੰਸੀਪਲਜ਼ ਦਾ ਇੱਕ ਰੋਜ਼ਾ ਸੈਮੀਨਾਰ ਵੱਖ-ਵੱਖ ਮਿਤੀਆਂ ਨੂੰ ਆਯੋਜਿਤ ਕੀਤਾ ਗਿਆ। ਵਰਣਨਯੋਗ ਹੈ ਕਿ ਹਰ ਬਲਾਕ ਵਿੱਚ ਵਿਸ਼ਾ ਅਧਿਆਪਕਾਂ (ਪੰਜਾਬੀ, ਗਣਿਤ, ਅੰਗਰੇਜ਼ੀ) ਦੀਆਂ ਟ੍ਰੇਨਿੰਗਜ਼ ਚਲ ਰਹੀਆਂ ਹਨ। ਟਾਊਨ ਹਾਲ ਸਕੂਲ

ਆਵਾਜ਼ਿ ਕੌਮ AWAZE QAUM International Newspaper & WEB TV

ਵਿੱਚ ਚੱਲ ਰਹੇ ਸੈਮੀਨਾਰ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਸ਼੍ਰੀ ਰਾਜੇਸ਼ ਕੁਮਾਰ ਵੱਲੋਂ ਲਗਾਤਰ ਚੈਕਿੰਗ ਕੀਤੀ ਗਈ। ਉਹਨਾਂ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਕਾਲਗੜ੍ਹ ਢਪੱਈਆਂ ਦੇ ਪ੍ਰਿੰਸੀਪਲ ਹਰਪ੍ਰੀਤਪਾਲ ਸਿੰਘ, ਗੌਰਵ ਅਰੋੜਾ ਚੈਕਿੰਗ ਟੀਮ ਵਜੋਂ ਆਏ ਸਨ। ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਰਾਜੇਸ਼ ਕੁਮਾਰ ਵੱਲੋਂ ਇਨ੍ਹਾਂ ਟ੍ਰੈਨਿੰਗਜ਼ ਬਾਰੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਸਰਕਾਰੀ ਸਕੂਲਾਂ ਦੇ ਮੁਖੀਆਂ ਉੱਪਰ ਮਾਣ ਹੈ, ਉਨ੍ਹਾਂ ਵੱਲੋਂ ਇਸ ਮੌਕੇ ਸਕੂਲ ਮੁਖੀਆਂ ਨੂੰ ਹੋਰ ਉਤਸ਼ਾਹਿਤ ਕੀਤਾ ਕਿ ਉਹ ਹਰ ਖੇਤਰ ਵਿੱਚ ਹੋਰ ਵਧੀਆ ਕਰ ਕੇ ਦਿਖਾਉਣ। ਇਸ ਸੈਮੀਨਾਰ ਦੇ ਸਟੇਟ ਰਿਸੋਰਸ ਪਰਸਨ ਮੈਡਮ ਮਨੁਦੀਪ ਕੌਰ, ਮੈਡਮ ਅਮਰਪ੍ਰੀਤ ਕੌਰ ਅਤੇ ਡਿਸਟ੍ਰਿਕਟ ਰਿਸੋਰਸ ਪਰਸਨ ਮੈਡਮ ਜਸਵਿੰਦਰ ਕੌਰ, ਸ. ਚਰਨਜੀਤ ਸਿੰਘ ਬੱਲ, ਸ. ਗੁਰਪਿੰਦਰ ਸਿੰਘ ਵੱਲੋਂ ਬੜੇ ਹੀ ਬੇਹਤਰੀਨ ਢੰਗ ਨਾਲ ਸਕੂਲ ਮੁਖੀਆਂ ਨੂੰ ਮਿਸ਼ਨ ਸਮਰੱਥ ਦੀ ਹਰ ਬਾਰੀਕੀ ਨੂੰ ਸਮਝਾਇਆ ਗਿਆ। ਡਿਸਟ੍ਰਿਕਟ ਰਿਸੋਰਸ ਪਰਸਨ ਸ. ਚਰਨਜੀਤ ਸਿੰਘ ਬੱਲ ਨੇ ਦੱਸਿਆ ਕਿ ਇਹ ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਦੀ ਟ੍ਰੇਨਿੰਗ ਇਸ ਕਰ ਕੇ ਲਾਈ ਜਾ ਰਹੀ ਹੈ ਤਾਂ ਜੋ ਮਿਸ਼ਨ ਸਮਰੱਥ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿੱਚ ਕਾਮਯਾਬੀ ਹਾਸਲ ਕੀਤੀ ਜਾ ਸਕੇ। ਟਾਊਨ ਹਾਲ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਵਿਕਾਸ ਕੁਮਾਰ ਵੱਲੋਂ ਸਾਰੇ ਸਕੂਲ ਮੁਖੀਆਂ ਨੂੰ ਉਨ੍ਹਾਂ ਦੇ ਸਕੂਲ ਵਿੱਚ ਆਉਣ ਤੇ ਜੀ ਆਇਆਂ ਕਿਹਾ ਗਿਆ। ਇਨ੍ਹਾਂ ਸੈਮੀਨਾਰਾਂ ਵਿੱਚ ਸਮੂਹ ਜ਼ਿਲ੍ਹੇ ਦੇ ਮਿਡਲ ਸਕੂਲਾਂ ਦੇ ਇੰਚਾਰਜ, ਹਾਈ ਸਕੂਲਾਂ ਦੇ ਹੈੱਡਮਾਸਟਰਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਵੱਲੋਂ ਭਾਗ ਲਿਆ ਗਿਆ।



# ਸ੍ਰੀਮਾਨ 108 ਸੰਤ ਬਾਬਾ ਹਰਨਾਮ ਸਿੰਘ ਜੀ ਰੱਤੋਕੇ ਵਾਲਿਆਂ ਦੀ ਯਾਦ ਵਿਚ ਸਲਾਨਾ ਤਿੰਨ ਦਿਨਾ ਸਮਾਗਮ

## ਯਾਦਗਾਰੀ ਹੋ ਨਿਬੜਿਆ ਪਿੰਡ ਮਹਾਲਮ ਦਾ ਜ਼ੋੜ ਮੇਲਾ, ਜਿਸ ਵਿਚ ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ







**ਫ਼ਿਰੋਜ਼ਪੁਰ, 21 ਮਾਰਚ (ਮਨੋਹਰ ਲਾਲ) :—** ਸ੍ਰੀਮਾਨ 108 ਸੰਤ ਬਾਬਾ ਹਰਨਾਮ ਸਿੰਘ ਜੀ ਰੱਤੋਕੇ ਵਾਲਿਆਂ ਦੀ ਯਾਦ ਵਿਚ ਸਲਾਨਾ ਤਿੰਨ ਦਿਨਾ ਸਮਾਗਮਾਂ ਵਿਚ ਪੰਜਾਬ ਭਰ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ, ਜ਼ੋ ਕਿ ਯਾਦਗਾਰੀ ਹੋ ਨਿਬੜਿਆ। ਪਿੰਡ ਮਹਾਲਮ ਦਾ ਜ਼ੋੜ ਮੇਲਾ ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਯਾਦਗਾਰੀ ਜ਼ੋੜ ਮੇਲੇ ਦਾ ਸਾਰਾ ਪਿੰਡ ਮਹਾਲਮ ਦੀ ਸੰਗਤ ਪਿੰਡ ਖੱਗਰ ਬਸਤੀ ਅਤੇ ਹੋਰ ਆਸ—ਪਾਸ ਦੇ ਪਿੰਡਾਂ ਦਾ ਇਤਫਾਕ ਹੈ ਜ਼ੋ ਸਾਰੇ ਰਲ ਮਿਲ ਕੇ 10 ਦਿਨਾਂ ਪਹਿਲਾਂ ਹੀ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਸਾਰੇ ਪਿੰਡ ਵਾਲਿਆਂ ਅਤੇ ਸਮੂਹ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਬੈਠ ਕੇ ਲੰਗਰ ਛਕਦੇ ਹਨ ਅਤੇ ਜਿਨ੍ਹਾਂ ਦੀਆਂ ਆਸਾਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਉਹ ਹਰ ਸਾਲ ਇਥੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ ਸੁੱਖ ਕੇ ਜਾਂਦੇ ਹਨ, ਇਸ ਵਾਰ 44 ਸ੍ਰੀ ਆਖੰਡ ਪਾਠ ਸਾਹਿਬ ਕਰਵਾਏ ਗਏ, ਜ਼ੋ ਕਿ 13 ਤੋਂ 15 ਮਾਰਚ ਤੱਕ 11 ਸ੍ਰੀ ਆਖੰਡ ਪਾਠ ਸਾਹਿਬ, 15 ਮਾਰਚ ਤੋਂ 17 ਮਾਰਚ ਤੱਕ 11 ਸ੍ਰੀ ਆਖੰਡ ਪਾਠ ਸਾਹਿਬ ਅਤੇ 17 ਮਾਰਚ ਤੋਂ 19 ਮਾਰਚ 11 ਸ੍ਰੀ ਆਖੰਡ ਪਾਠ ਸਾਹਿਬ ਅਤੇ 19 ਮਾਰਚ ਤੋਂ 21 ਮਾਰਚ 11 ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਚਾਰ ਲੜੀਆਂ ਵਿਚ ਕਰਵਾਏ ਗਏ ਅਤੇ ਭੋਗ ਪਾਏ ਗਏ। ਇਸ ਤੋਂ ਇਲਾਵਾ 21 ਮਾਰਚ ਨੂੰ ਰਾਤ ਦੇ ਦੀਵਾਨ ਸਜਾਏ ਗਏ, ਜਿਸ ਵਿਚ ਹਜ਼ੂਰੀ ਢਾਡੀ ਜਥਾ ਸ੍ਰੀ ਅਕਾਲ ਤਖਤ ਸਾਹਿਬ ਭਾਈ ਤਰਸੇਮ ਸਿੰਘ ਅਮਰਕੋਟ ਵਾਲੇ, ਢਾਈ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਅੱਜ ਦੇ ਦਿਨ ਦੇ ਦੀਵਾਨਾਂ ਵਿਚ ਕਵੀਸ਼ਰੀ ਜਥਾ ਭਾਈ ਚਾਨਣ ਸਿੰਘ ਬੀ.ਏ ਸੁਰਵਿੰਡ ਵਾਲਿਆਂ ਨੇ ਆਪਣੀ ਹਾਜ਼ਰੀ ਲੁਆਈ ਅਤੇ ਫਿਰ ਵਾਰੀ ਆਈ ਢਾਡੀ ਜਥਾ ਸਰੂਪ ਸਿੰਘ ਕੰਢਿਆਣਾ ਜਿਨ੍ਹਾਂ ਢਾਡੀ ਵਾਰਾਂ ਨਾਲ ਸੰਗਤਾਂ ਵੱਲੋਂ ਨੋਟਾਂ ਦੀ ਬਰਸਾਤ ਕਰਦੇ ਵੇਖੇ ਗਏ। ਇਸ ਤੋਂ ਬਾਅਦ ਸ਼ਾਮ ਚਾਰ ਵਜੇ ਐਨ.ਆਰ.ਆਈ ਨਕੋਦਰ ਕਲੱਬ ਅਤੇ ਸੰਦੀਪ ਨੰਗਲ ਅੰਬੀਆਂ ਕਲੱਬ ਟੀਮਾਂ ਵਿਚਕਾਰ ਕਬੱਡੀ ਮੈਚ ਕਰਵਾਏ ਗਏ ਅਤੇ ਜੇਤੂ ਟੀਮ ਨੂੰ ਇਕ ਲੱਖ ਰੁਪਿਆ ਅਤੇ ਦੂਜਾ ਇਨਾਮ 80 ਹਜ਼ਾਰ ਦੇ ਕੇ ਸਨਮਾਨਿਤ ਕੀਤਾ ਗਿਆ। ਅਖਿਰ ਵਿਚ ਜ਼ੋੜ ਮੇਲਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਸਮੂਹ ਪੰਜਾਬ ਭਰ ਤੋਂ ਆਈਆਂ ਸੰਗਤਾਂ ਦਾ, ਪਾਠੀ ਸਿੰਘਾਂ ਦਾ ਅਤੇ ਲਗਾਤਾਰ 10 ਦਿਨ ਸੇਵਾ ਕਰਨ ਵਾਲੇ ਲਾਗਰੀ ਸਿੰਘਾਂ ਦਾ ਅਤੇ ਹੋਰ ਸੇਵਾ ਕਰਨ ਵਾਲੀ ਸੰਗਤ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਦਿਨ—ਰਾਤ ਸੇਵਾ ਕੀਤੀ। ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਜਿਨ੍ਹਾਂ ਖਜਾਨਿਆਂ ਵਿਚੋਂ ਮਾਇਆ ਆਈ ਹੈ, ਖਜਾਨੇ ਭਰਪੂਰ ਕਰਨੇ, ਸਾਰਾ ਨਗਰ ਸੁੱਖ ਸ਼ਾਂਤੀ ਵਿਚ ਰਹੇ। ਇਸ ਮੌਕੇ ਤੇ 10 ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# 21 ਸਾਲਾ ਨੌਜਵਾਨ ਵੱਲੋਂ ਸਾਹ-ਰੱਗ ਤੇ ਬਲੇਡ ਫੇਰ ਕੇ ਕੀਤੀ ਆਤਮ ਹੱਤਿਆ ਦੀ ਕੋਸ਼ਿਸ਼- ਹਾਲਤ ਗੰਭੀਰ ,ਅੰਮ੍ਰਿਤਸਰ ਰੈਫਰ

**ਚੌਕ ਮਹਿਤਾ, 21 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਬਾਅਦ ਦੁਪਹਿਰ ਮਹਿਤਾ ਚੌਂਕ ਵਿੱਚ ਉਸ ਵੇਲੇ ਸਨਸਨੀ ਫੈਲ ਗਈ ਜਦ ਕਸਬੇ ਦੇ ਚੌਰਸਤੇ ਵਿੱਚ ਸਥਿੱਤ ਜਨਤਕ ਪਖਾਨਿਆਂ ਦੇ ਅੰਦਰ ਵੜ ਕੇ ਇੱਕ 21 ਸਾਲਾਂ ਨੌਜਵਾਨ ਨੇ ਬਲੇਡ ਨਾਲ ਆਪਣੀ ਸਾਹ ਰੱਗ ਕੱਟ ਲਈ। ਰੌਲਾ ਪੈਣ ਤੇ ਲੋਕ ਇਕੱਠੇ ਹੋ ਗਏ। ਪੁਲਿਸ ਨੂੰ ਸੂਚਨਾ ਦਿੱਤੀ ਗਈ ਅਤੇ ਫੌਰੀ ਕਾਰਵਾਈ ਕਰਦਿਆਂ ਥਾਣਾ ਮੁਖੀ ਸ੍ਰ ਗਗਨਦੀਪ ਸਿੰਘ ਨੇ ਆਪਣੀ ਪੁਲੀਸ ਪਾਰਟੀ ਨਾਲ ਮੌਕੇ ਤੇ ਪਹੁੰਚ ਕੇ ਬਿਨਾ ਵੱਕਤ ਗਵਾਇਆਂ ਜ਼ਖ਼ਮੀ ਨੌਜਵਾਨ ਨੂੰ ਸਥਾਨਕ ਸਰਕਾਰੀ ਹਸਪਤਾਲ ਵਿਖੇ ਲਿਜਾ ਕੇ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਬਾਬਾ ਬਕਾਲਾ ਸਾਹਿਬ ਦੇ ਹਸਪਤਾਲ ਵਿੱਚ ਪਹੁੰਚਾਇਆ। ਥਾਣਾ ਮੁਖੀ ਸ੍ਰ ਗਗਨਦੀਪ ਸਿੰਘ ਦੇ ਦੱਸਣ ਮੁਤਾਬਿਕ, ਜਖਮੀ ਨੌਜਵਾਨ ਦੀ ਪਛਾਣ ਮਨੀਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਪਿੰਡ ਟੱਕਾਪੁਰ ਵਜੋਂ ਹੋਈ ਹੈ ਅਤੇ ਨੌਜਵਾਨ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਅੰਮ੍ਰਿਤਸਰ ਹਸਪਤਾਲ 'ਚ ਭੇਜ ਦਿੱਤਾ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

## ਲੋਕ ਸਭਾ ਹਲਕਾ ਖਡੂਰ ਸਾਹਿਬ ਬੀ ਜੇ ਪੀ ਦੇ

# ਸੀਨੀਅਰ ਆਗੂਆਂ ਨੇ ਮਹਿਤਾ ਚੌਂਕ ਵਿਖੇ ਕਰਵਾਈ ਵੱਡੀ ਮੀਟਿੰਗ



**ਚੌਂਕ ਮਹਿਤਾ, 21 ਮਾਰਚ (ਰਾਜਵਿੰਦਰ ਸਿੰਘ ਰੰਧਾਵਾ)**-ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂਆਂ ਵੱਲੋਂ ਇੱਕ ਮੀਟਿੰਗ ਮਹਿਤਾ ਚੌਂਕ ਦੇ ਸੰਗਮ ਪੈਲਸ ਵਿੱਚ ਕਰਵਾਈ ਗਈ, ਜਿਸ ਵਿੱਚ ਪਾਰਟੀ ਦੇ ਸੰਗਠਨ ਮੰਤਰੀ ਸ੍ਰੀ ਨਿਵਾਸਲੂ, ਮੀਤ ਪ੍ਰਧਾਨ ਪੰਜਾਬ ਬਿਕਰਮਜੀਤ ਸਿੰਘ ਚੀਮਾ, ਮਨਜੀਤ ਸਿੰਘ ਮੰਨਾ ਸਾਬਕਾ ਵਿਧਾਇਕ ਅਤੇ ਇੰਚਾਰਜ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ, ਰਾਕੇਸ਼ ਰਾਠੌਰ, ਮਨਜੀਤ ਰਾਏ, ਚੇਅਰਮੈਨ ਰਣਜੀਤ ਸਿੰਘ, ਗੁਰਜਿੰਦਰ ਸਿੰਘ ਲਾਡੀ ਸਰਕਲ ਪ੍ਰਧਾਨ ਮਹਿਤਾ, ਰਵੀ ਟਪਿਆਲਾ ਪੀ ਏ, ਰਾਜਪਾਲ ਸਿੰਘ ਰਾਜੂ ਪ੍ਰਧਾਨ ਬੀਸੀ ਵਿੰਗ, ਸ੍ਰੀ ਸ਼ਾਮ ਲਾਲ, ਰਾਜਬੀਰ ਸਿੰਘ ਰੰਧਾਵਾ ਪ੍ਰਧਾਨ ਕਿਸਾਨ ਮੋਰਚਾ, ਹਰਜੋਤ ਸਿੰਘ ਪ੍ਰਧਾਨ ਐਸ ਸੀ ਵਿੰਗ ਆਦਿ ਤੋਂ ਇਲਾਵਾ ਖਡੂਰ ਸਾਹਿਬ ਲੋਕ ਸਭਾ ਹਲਕਾ ਦੇ ਕੋਰ ਗਰੁੱਪ ਦੇ ਮੈਂਬਰ, ਜ਼ਿਲਾ ਪਰਧਾਨ, ਜ਼ਿਲਾ ਜਰਨਲ ਸਕੱਤਰ, ਹਲਕੇ ਵਿੱਚ ਆਉਦੇ 42 ਮੰਡਲਾਂ ਦੇ ਮੰਡਲ ਪਰਧਾਨ, ਵਿਧਾਨ ਸਭਾਵਾਂ ਦੇ ਕਨਵੀਨਰ ਅਤੇ ਵਿਧਾਨ ਸਭਾਵਾਂ ਦੇ ਇੰਚਾਰਜਾਂ ਨੇ ਵੀ ਸ਼ਮੂਲੀਅਤ ਕੀਤੀ। ਵੱਖ ਵੱਖ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦੀ ਸ਼ੁਰੂਆਤ ਦੇ ਰੂਪ ਵਿੱਚ ਭਾਰਤੀ ਜਨਤਾ ਪਾਰਟੀ ਦੇ ਸ਼ਕਤੀ ਕੇਂਦਰਾਂ (ਬੂਥ ਲੈਵਲ) ਤੇ ਬੜੀ ਮੁਸਤੈਦੀ ਨਾਲ ਕੰਮ ਕਰਨ, ਵੋਟਰਾਂ ਨਾਲ ਰਾਬਤਾ ਬਣਾਉਣ ਅਤੇ ਆਪਣੇ ਆਪਣੇ ਸ਼ਕਤੀ ਕੇਂਦਰਾਂ ਦੀ ਪੂਰੀ ਕਾਰਵਾਈ ਦੀ ਹਾਈ ਕਮਾਨ ਨੂੰ ਰਿਪੋਰਟਿੰਗ ਕਰਨ ਆਦਿ ਬਾਰੇ ਦਿਸ਼ਾ -ਨਿਰਦੇਸ਼ ਦਿਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੁਪਿੰਦਰ ਸਿੰਘ ਦੋਲੋ ਨੰਗਲ, ਰਾਜੇਸ਼ ਕੁਮਾਰ ਟਾਂਗਰੀ, ਰਜਿੰਦਰ ਜੈਨ, ਰਜਤ ਸ਼ਰਮਾ, ਪੰਮਾ ਛਾਪਿਆਂ ਵਾਲੀ, ਗਾਂਧੀ ਭਿੰਡਰ, ਡਿੰਪੀ ਮੀਆਵਿੰਡ, ਉਦੇ ਕੁਮਾਰ ਜਨਰਲ ਸਕੱਤਰ, ਮਨਜੀਤ ਕੌਰ ਦਬੁਰਜੀ, ਸੰਜੀਵ ਕੁਮਾਰ ਅਤੇ ਹੋਰ ਬਹੁਤ ਸਾਰੇ ਲੋਕ ਵੀ ਮੌਜੂਦ ਸਨ।

## ਜਥੇਦਾਰ ਸੰਤੋਖ ਸਿੰਘ" ਦੀ ਪੰਥਕ ਮਸਲਿਆਂ ਪ੍ਰਤੀ ਭੂਮਿਕਾ ਵਿਸੇ. ਉਤੇ ਹੋਈ ਵਿਚਾਰ ਗੋਸ਼ਟੀ

# ਜਥੇਦਾਰ ਸੰਤੋਖ ਸਿੰਘ ਨੂੰ ਹੋਰ ਉਮਰ ਮਿਲਦੀ ਤਾਂ ਸਾਨੂੰ ਆਪ੍ਰੇਸ਼ਨ ਨੀਲਾ ਤਾਰਾ ਨਾ ਵੇਖਣਾ ਪੈਂਦਾ : ਲਾਲਪੁਰਾ







**ਨਵੀਂ ਦਿੱਲੀ, 21 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਵਿਚਲੇ ਪੰਥਕ ਸਿੱਖਿਆ ਅਦਾਰਿਆਂ ਦੇ ਬਾਨੀ ਜਥੇਦਾਰ ਸੰਤੋਖ ਸਿੰਘ ਜੀ ਦੇ 96ਵੇਂ ਜਨਮ ਦਿਹਾੜੇ ਮੌਕੇ ਕਾਂਸਟੀਚਿਊਸ਼ਨ ਕਲੱਬ ਵਿਖੇ "ਪੰਥਕ ਸਿੱਖਿਆ ਤੇ ਜਥੇਦਾਰ ਸੰਤੋਖ ਸਿੰਘ" ਵਿਸੇ. ਉਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸ਼ਟੀ ਦੌਰਾਨ ਸਮਾਜਿਕ, ਧਾਰਮਿਕ, ਵਿਦਿਅਕ, ਬੈਂਕਿੰਗ ਅਤੇ ਸਿਆਸੀ ਖੇਤਰ ਦੇ ਵਿਦਵਾਨਾਂ ਨੇ ਜਥੇਦਾਰ ਸੰਤੋਖ ਸਿੰਘ ਦੀ ਪੰਥਕ ਮਸਲਿਆਂ ਪ੍ਰਤੀ ਭੂਮਿਕਾ ਬਾਰੇ ਸੰਜੀਦਗੀ ਨਾਲ ਆਪਣੇ ਵਿਚਾਰ ਰੱਖੇ। ਬੁਲਾਰਿਆਂ ਵਿੱਚ ਕੌਮੀ ਘਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾਕਟਰ ਜਸਪਾਲ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਇਲਾਹਾਬਾਦ ਬੈਂਕ ਦੇ ਸਾਬਕਾ ਚੇਅਰਮੈਨ ਹਰਭਜਨ ਸਿੰਘ, ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾਕਟਰ ਹਰਮੀਤ ਸਿੰਘ ਅਤੇ ਦਿੱਲੀ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਕੁਲਵੰਤ ਸਿੰਘ ਬਾਠ ਸ਼ਾਮਲ ਸਨ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਆਈ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਲਾਲਪੁਰਾ ਨੇ ਬਤੌਰ ਪੁਲਿਸ ਅਫਸਰ 20 ਸਤੰਬਰ 1981 ਨੂੰ ਚੌਂਕ ਮਹਿਤਾ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗਿਰਫਤਾਰੀ ਮੌਕੇ 50 ਹਜ਼ਾਰ ਸੰਗਤਾਂ ਦੇ ਇਕੱਠ 'ਚ ਜਥੇਦਾਰ ਸੰਤੋਖ ਸਿੰਘ ਵੱਲੋਂ ਦਿੱਤੀ ਗਈ ਤਕਰੀਰ ਦਾ ਚੇਤਾ ਕਰਦਿਆਂ ਕਿਹਾ ਕਿ ਜਥੇਦਾਰ ਸੰਤੋਖ ਸਿੰਘ ਚੰਗੇ ਸਿਆਸਤਦਾਨ ਦੇ ਨਾਲ ਘਟਗਿਣਤੀਆਂ ਦੇ ਵੱਡੇ ਆਗੂ ਸਨ। ਉਹ ਪ੍ਰਧਾਨ ਮੰਤਰੀ ਦਾ ਬੂਹਾ ਖੜਕਾ ਕੇ ਗੱਲ ਕਰਨ ਦੀ ਤਾਕਤ ਰੱਖਦੇ ਸਨ। ਜੇਕਰ ਜਥੇਦਾਰ ਸੰਤੋਖ ਸਿੰਘ ਨੂੰ ਹੋਰ ਉਮਰ ਮਿਲਦੀ ਤਾਂ ਸਾਨੂੰ ਆਪ੍ਰੇਸ਼ਨ ਨੀਲਾ ਤਾਰਾ ਨਾ ਵੇਖਣਾ ਪੈਂਦਾ। ਕਿਉਂਕਿ ਭਿੰਡਰਾਂਵਾਲੇ ਤੇ ਇੰਦਰਾ ਗਾਂਧੀ ਦੋਵੇਂ ਜਥੇਦਾਰ ਸੰਤੋਖ ਸਿੰਘ ਦੀ ਗੱਲ ਮੰਨਦੇ ਸਨ। ਪਰ ਸਾਡੀ ਬਦਕਿਸਮਤੀ ਹੈ ਕਿ 40 ਸਾਲ ਬਾਅਦ ਵੀ ਅਸੀਂ ਜਥੇਦਾਰ ਸੰਤੋਖ ਸਿੰਘ ਵਰਗਾ ਆਗੂ ਪੈਦਾ ਨਹੀਂ ਕਰ ਸਕੇ। ਹਾਲਾਂਕਿ ਜਥੇਦਾਰ ਸੰਤੋਖ ਸਿੰਘ ਕੋਲ ਕਿਤਾਬੀ ਗਿਆਨ ਨਹੀਂ ਸੀ, ਪਰ ਆਤਮਬਲ ਸੀ। ਡਾਕਟਰ ਜਸਪਾਲ ਸਿੰਘ ਨੇ ਜਥੇਦਾਰ ਸੰਤੋਖ ਸਿੰਘ ਦੇ ਨਾਲ ਗੁਜ਼ਾਰੇ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਜਥੇਦਾਰ ਸੰਤੋਖ ਸਿੰਘ ਨੇ ਵਿਰਾਸਤ ਦੀ ਸੰਭਾਲ ਅਤੇ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁਚਾਉਣ ਲਈ ਖੁਲਦਿਲੀ ਨਾਲ ਕਾਰਜ ਕੀਤੇ ਸਨ। ਇਨ੍ਹਾਂ ਮੁੱਖ ਕਾਰਜਾਂ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਕੈਦ ਦੀ ਪ੍ਰਤੀਕ ਕੋਤਵਾਲੀ ਕੌਮ ਨੂੰ ਦਿਵਾਉਣਾ, ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਸਥਾਨ ਦੀ ਡਾਕਟਰ ਗੰਡਾ ਸਿੰਘ ਤੋਂ ਮਹਿਰੋਲੀ ਵਿਖੇ ਕੁਤੁਬ ਮੀਨਾਰ ਨੇੜੇ ਨਿਸ਼ਾਨਦੇਹੀ ਕਰਵਾਕੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਵਾਉਣਾ ਅਤੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਤੇ ਖਾਲਸਾ ਕਾਲਜਾਂ ਦੀ ਸਥਾਪਨਾ ਕਰਵਾਉਣਾ ਸ਼ਾਮਲ ਸਨ। ਸਰਨਾ ਨੇ ਕਿਹਾ ਕਿ ਜਥੇਦਾਰ ਸੰਤੋਖ ਸਿੰਘ ਆਪਣੇ ਨਾਲ ਸੂਝਵਾਨ ਤੇ ਸਤਿਕਾਰਤ ਸਿੱਖਾਂ ਨੂੰ ਨਾਲ ਰੱਖਦੇ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਵੱਲੋਂ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦਾ ਲਾਇਆ ਗਿਆ ਬੂਟਾ ਹੁਣ ਦਰਖੱਤ ਬਣ ਗਿਆ ਸੀ। ਪਰ ਮੌਜੂਦਾ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਨਾਲਾਇਕੀ ਕਰਕੇ ਇਹ ਦਰਖੱਤ ਹੁਣ ਢਹਿਣ ਦੇ ਕਗਾਰ ਉਤੇ ਖੜ੍ਹਾ ਹੈ। ਸਭ ਤੋਂ ਅਮੀਰ ਕਮੇਟੀ ਹੁਣ 700 ਕਰੋੜ ਰੁਪਏ ਦੇ ਕਰਜ਼ੇ ਥੱਲ੍ਹੇ ਖੜ੍ਹੀ ਹੈ। ਸਰਨਾ ਨੇ ਦਿੱਲੀ ਕਮੇਟੀ ਪ੍ਰਬੰਧਕਾਂ 'ਚ ਮੀਰ ਮੰਨੂ ਤੇ ਜ਼ਕਰੀਆ ਖਾਨ ਦੀ ਰੂਹ ਆਉਣ ਦਾ ਦਾਅਵਾ ਕਰਦੇ ਹੋਏ ਸੰਗਤਾਂ ਨੂੰ ਇਨ੍ਹਾਂ ਦਾ ਸਮਾਜਿਕ ਬਾਇਕਾਟ ਕਰਨ ਦਾ ਸੱਦਾ ਦਿੱਤਾ। ਹਰਭਜਨ ਸਿੰਘ ਨੇ ਕਿਹਾ ਕਿ ਜਥੇਦਾਰ ਸੰਤੋਖ ਸਿੰਘ ਨੇ ਕੁੜੀਆਂ ਲਈ ਮਾਤਾ ਸੁੰਦਰੀ ਕਾਲਜ ਦੀ ਸਥਾਪਨਾ ਕਰਕੇ ਸਿੱਖ ਪਰਿਵਾਰਾਂ ਦੀ ਤਰੱਕੀ ਦੀ ਰਾਹ ਖੋਲ੍ਹ ਦਿੱਤਾ ਸੀ। ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਇੱਕ ਮੁੰਡਾ ਉੱਚ ਸਿੱਖਿਆ ਲੈਕੇ ਸਿਰਫ ਆਪਣਾ ਭਲਾ ਕਰਦਾ ਹੈ, ਪਰ ਇੱਕ ਕੁੜੀ ਉੱਚ ਸਿੱਖਿਆ ਨਾਲ ਪੂਰੇ ਪਰਿਵਾਰ ਦੀ ਤਰੱਕੀ ਦਾ ਰਾਹ ਖੋਲ੍ਹ ਦਿੰਦੀ ਹੈਂ। ਜੀਕੇ ਨੇ ਬੁਲਾਰਿਆਂ ਦੀਆਂ ਗੱਲਾਂ ਨਾਲ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਜੇਕਰ ਜਥੇਦਾਰ ਸੰਤੋਖ ਸਿੰਘ ਦਾ ਜੀਵਨ 1981 ਤੋਂ ਅੱਗੇ ਵੱਧਦਾ ਤਾਂ ਨਾਂ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਹੋਣਾ ਸੀ ਤੇ ਨਾ ਹੀ 84 ਕਤਲੇਆਮ ਹੋਣਾ ਸੀ। ਜਥੇਦਾਰ ਸੰਤੋਖ ਸਿੰਘ ਦੀ ਲਿਆਕਤ ਅਤੇ ਨੇਕ ਨੀਤੀ ਨੇ ਦਿੱਲੀ 'ਚ ਪੰਥਕ ਸਿੱਖਿਆ ਦਾ ਮੁੱਢ ਬੰਨ੍ਹਣ ਦਾ ਕੰਮ ਕੀਤਾ ਸੀ। ਸਟੇਜ ਸਕੱਤਰ ਦੀ ਸੇਵਾ ਸੰਭਾਲਦੇ ਹੋਏ ਦਿੱਲੀ ਕਮੇਟੀ ਨੇ ਸਾਬਕਾ ਮੀਡੀਆ ਸਲਾਹਕਾਰ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋਫੈਸਰ ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਪੰਥਕ ਸਿੱਖਿਆ ਦੀ ਉਸਾਰੀ ਦੇ ਸਫ਼ਰ ਵਿੱਚ ਦੇਨ ਨੂੰ ਯਾਦ ਕੀਤਾ। ਇਸ ਮੌਕੇ ਉਘੇ ਉਦਯੋਗਪਤੀ ਡਾਕਟਰ ਰਜਿੰਦਰ ਸਿੰਘ ਚੱਡਾ, ਰਘਬੀਰ ਸਿੰਘ ਜੌੜਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਪ੍ਰਧਾਨ ਮਹਿੰਦਰ ਪਾਲ ਸਿੰਘ ਚੱਡਾ, ਸ਼੍ਰੋਮਣੀ ਕਮੇਟੀ ਮੈਂਬਰ ਹਰਮਨਜੀਤ ਸਿੰਘ, ਭੁਪਿੰਦਰ ਸਿੰਘ ਅਨੰਦ, ਗੁਰਮਿੰਦਰ ਸਿੰਘ ਮਠਾੜੂ, ਦਿੱਲੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ, ਬੀਬੀ ਰਣਜੀਤ ਕੌਰ, ਸਤਨਾਮ ਸਿੰਘ ਖੀਵਾ, ਮਹਿੰਦਰ ਸਿੰਘ, ਜਤਿੰਦਰ ਸਿੰਘ ਸਾਹਨੀ, ਤਜਿੰਦਰ ਸਿੰਘ ਗੋਪਾ, ਕੁਲਤਾਰਨ ਸਿੰਘ, ਅਨੂਪ ਸਿੰਘ ਘੁੰਮਣ, ਜਤਿੰਦਰ ਸਿੰਘ ਸੋਨੂੰ, ਸੁਖਵਿੰਦਰ ਸਿੰਘ ਬੱਬਰ ਤੇ ਸਤਨਾਮ ਸਿੰਘ ਜੱਗਾ ਦੇ ਨਾਲ ਹੀ ਸਾਬਕਾ ਦਿੱਲੀ ਕਮੇਟੀ ਮੈਂਬਰ ਹਰਿੰਦਰ ਪਾਲ ਸਿੰਘ, ਹਰਜੀਤ ਸਿੰਘ ਜੀਕੇ, ਹਰਜਿੰਦਰ ਸਿੰਘ, ਤੇਜਪਾਲ ਸਿੰਘ, ਗੁਰਦੇਵ ਸਿੰਘ ਭੋਲਾ, ਮੰਗਲ ਸਿੰਘ ਅਤੇ ਰਾਮਗੜ੍ਹੀਆ ਆਗੂ ਸੁਖਦੇਵ ਸਿੰਘ ਰਿਆਤ, ਜਗਜੀਤ ਸਿੰਘ ਮੁਦੱੜ ਆਦਿਕ ਮੌਜੂਦ ਸਨ।



# ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ ਚ ਹੋ ਰਹੇ ਇਕੱਠ, ਲੋਕ ਸਭਾ ਚੋਣਾਂ ਚ ਜਿੱਤ ਦੇ ਸੰਕੇਤ ਹਨ: ਗਰਗ



**ਧੂਰੀ, (ਰਣਜੀਤ ਸਿੰਘ ਪੇਧਨੀ)**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ, ਸੁਖਬੀਰ ਸਿੰਘ ਬਾਦਲ ਵੱਲੋਂ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਵਿੱਚ ਪੰਜਾਬ ਦੇ ਨੌਜਵਾਨਾਂ ਵੱਲੋਂ ਵੱਧ ਚੜਹ ਕੇ ਹਿੱਸਾ ਲਿਆ ਜਾ ਰਿਹਾ ਹੈ। ਜਿਸ ਦਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਉੱਤੇ ਵੱਡਾ ਅਸਰ ਪਵੇਗਾ ਕਿਉਂਕਿ ਯਾਤਰਾ ਵਿੱਚ ਹੋ ਰਿਹਾ ਇਕੱਠ ਦਰਸਾ ਰਿਹਾ ਹੈ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ 13 ਸੀਟਾਂ ਤੇ ਜਿੱਤ ਹਾਸਿਲ ਕਰੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਬਾਬੂ ਹੰਸ ਰਾਜ ਗਰਗ ਨੇ ਕੀਤਾ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸ, ਸੁਖਦੇਵ ਸਿੰਘ ਢੀਡਸਾ ਅਤੇ ਪਾਰਟੀ ਦੀ ਸੀਨੀਅਰ ਆਗੂ ਬੀਬੀ ਜਗੀਰ ਕੌਰ ਦੇ ਘਰ ਵਾਪਸੀ ਹੋਣ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਹੋਰ ਮਜਬੂਤ ਹੋਵੇਗਾ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਝੂਠ ਬੋਲ ਕੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮੂੰਹ ਨਹੀਂ ਲਾਉਣਗੇ। ਹੁਣ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਇਕ ਜੂਨ 2024 ਨੂੰ ਪੈਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਝਾੜੂ ਨੂੰ ਤੀਲਾ ਤੀਲਾ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਹੱਕ ਵਿੱਚ ਵੱਧ ਤੋਂ ਵੱਧ ਵੋਟਾਂ ਪਾ ਕੇ ਕੇਂਦਰ ਵਿੱਚ ਬਣਨ ਵਾਲੀ ਸਰਕਾਰ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ।

# ਥੋੜੇ ਸਮੇਂ 'ਚ ਸਾਂਸਦ ਮਾਨ ਨੇ ਸਭ ਤੋਂ ਵੱਧ ਵਿਕਾਸ ਕਰਾ ਕੇ ਸੰਗਰੂਰ ਹਲਕੇ ਦਾ ਨਾ ਉੱਚਾ ਕੀਤਾ: ਆਗੂ ਮਾਨ ਦਲ



**ਧੂਰੀ ( ਰਣਜੀਤ ਸਿੰਘ ਪੇਧਨੀ )** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸ, ਸਿਮਰਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸੰਗਰੂਰ ਵੱਲੋਂ ਥੋੜੇ ਸਮੇਂ ਵਿੱਚ ਹੀ ਕਰਵਾਏ ਗਏ ਵਿਕਾਸ ਕਾਰਜਾਂ ਦੇ ਨਾਂ ਤੇ ਉਹ ਪਿੰਡ ਪਿੰਡ ਘਰ ਘਰ ਜਾ ਕੇ ਵੋਟਾਂ ਮੰਗ ਰਹੇ ਹਨ, ਜਿਸ ਦਾ ਪਿੰਡਾਂ ਚੋਂ ਭਰਮਾਂ ਹੁੰਗਾਰਾ ਮਿਲ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀਏਸੀ ਦੇ ਮੈਂਬਰ ਸ ਹਰਬੰਸ ਸਿੰਘ ਸਲੇਮਪੁਰ, ਸੀਨੀਅਰ ਆਗੂ ਸਾਧੂ ਸਿੰਘ ਪੇਧਨੀ, ਸੀਨੀਅਰ ਆਗੂ ਵਾਸਬੀਰ ਸਿੰਘ ਭੁੱਲਰ ,ਸੀਨੀਅਰ ਆਗੂ ਅਮਰਜੀਤ ਸਿੰਘ ਬਾਦਸ਼ਾਹਪੁਰ, ਸੀਨੀਅਰ ਆਗੂ ਮਨਜੀਤ ਸਿੰਘ ਧਾਮੀ ਨੇ ਕੀਤਾ। ਆਗੂਆਂ ਨੇ ਕਿਹਾ ਹੈ ਕਿ ਸਰਦਾਰ ਸਿਮਰਨਜੀਤ ਸਿੰਘ ਮਾਨ ਸਿੱਖ ਕੌਮ ਦੀ ਲੜਾਈ ਲੜਨ ਵਾਲੇ ਪਹਿਲੇ ਆਗੂ ਤੇ ਨਧੜਕ ਜਰਨੈਲ ਹਨ ਜਿਨਾਂ ਨੇ ਲੋਕ ਸਭਾ ਦੇ ਵਿੱਚ ਹਰੇਕ ਸੈਸਨ ਵਿੱਚ ਜਾ ਕੇ ਸਿੱਖਾਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕੀਤੀ ਹੈ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਇਸ ਮੌਕੇ ਉਹਨਾਂ ਦੇ ਨਾਲ ਜਸਬੀਰ ਸਿੰਘ ਧੰਦੀਵਾਲ ਗੁਰਪ੍ਰੀਤ ਸਿੰਘ ਮਲੋਵਾਲ ਹਰਮਿੰਦਰ ਸਿੰਘ ਲਾਲੀ ਧੂਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਆਪ ਉਮੀਦਵਾਰ ਮੀਤ ਹੇਅਰ ਸੰਗਰੂਰ ਲੋਕ ਸਭਾ ਹਲਕੇ ਤੋਂ ਜਿੱਤ ਕੇ ਆਮ ਲੋਕਾਂ ਦੀ ਆਵਾਜ਼ ਬਣਨਗੇ : ਆਪ ਆਗੂ



**ਧੂਰੀ ( ਰਣਜੀਤ ਸਿੰਘ ਪੇਧਨੀ )** ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੈਬਨਿਟ ਮੰਤਰੀ ਸ, ਗੁਰਮੀਤ ਸਿੰਘ ਮੀਤ ਹੇਅਰ ਨੂੰ ਜਿੱਤ ਦਵਾਉਣ ਦੇ ਲਈ ਵਰਕਰਾਂ ਵੱਲ ਚ ਭਾਰੀ ਉਤਸ਼ਾਹ ਦੇਖਣ ਨੂੰ ਨਜ਼ਰ ਆ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ, ਗੁਰਮੇਲ ਸਿੰਘ ਘਨੌਰੀ ਕਲਾਂ , ਸੀਨੀਅਰ ਆਗੂ ਮਾਸਟਰ ਕੁਲਵੰਤ ਸਿੰਘ, ਆਪ ਦੇ ਸੀਨੀਅਰ ਆਗੂ ਜੁਗਰਾਜ ਸਿੰਘ ਘਨੌਰੀ,ਆਪ ਆਗੂ ਚਰਨਜੀਤ ਸਿੰਘ ਕਾਲੋ ਅਤੇ ਆਪ ਦੇ ਨੌਜਵਾਨ ਆਗੂ ਅੰਮ੍ਰਿਤਪਾਲ ਸਿੰਘ ਨੇ ਸਾਂਝੇ ਤੌਰ ਤੇ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਲੈ ਫੈਸਲਿਆਂ ਅਤੇ ਲੋਕ ਭਲਾਈ ਸਕੀਮਾਂ ਦਾ ਪੰਜਾਬ ਦੇ ਵਾਸੀ ਹੁਣ ਲੋਕ ਸਭਾ ਚੋਣਾਂ ਵਿੱਚ ਉਮੀਦਵਾਰਾਂ ਨੂੰ ਜਿੱਤਾ ਕੇ ਸਰਕਾਰ ਵੱਲੋ ਕੀਤੇ ਕੰਮਾਂ ਤੇ ਮੋਹਰ ਲਾਉਣਗੇ । ਆਗੂਆਂ ਨੇ ਕਿਹਾ ਕਿ ਸਾਰੀ ਜਨਤਾ ਆਮ ਆਦਮੀ ਪਾਰਟੀ ਦੇ ਵਿਕਾਸ ਦੀ ਕਾਰਜਕਾਲ ਤੋਂ ਪੂਰੀ ਤਰ੍ਹਾਂ ਖੁਸ਼ ਹੈ। ਆਗੂਆਂ ਨੇ ਕਿਹਾ ਕਿ ਇਸ ਵਾਰ ਸੰਗਰੂਰ ਦੇ ਲੋਕ ਗੁਰਮੀਤ ਸਿੰਘ ਮੀਤ ਹੇਅਰ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਦਿੱਲੀ ਭੇਜਣਗੇ ਅਤੇ ਕੇਂਦਰ ਚ ਬਣਨ ਵਾਲੀ ਸਰਕਾਰ ਦਾ ਹਿੱਸਾ ਬਣਨਗੇ। ਦਿੱਲੀ ਲੋਕ ਸਭਾ ਵਿੱਚ ਜਾ ਕੇ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਆੜਤੀਆਂ, ਵਪਾਰੀਆਂ, ਮੁਲਾਜ਼ਮ ਵਰਗ ਅਤੇ ਘੱਟ ਗਿਣਤੀ ਲੋਕਾਂ ਦੀ ਆਵਾਜ਼ ਬਣਨਗੇ।

# ਸੰਗਰੂਰ ਲੋਕ ਸਭਾ ਹਲਕੇ ਤੋਂ ਸ ਦਰਸ਼ਨ ਸਿੰਘ ਨੈਣੇਵਾਲ ਨੂੰ ਟਿਕਟ ਦੇ ਕੇ ਨਿਵਾਜਿਆ ਜਾਵੇ: ਵੈਂਕੇਸ਼ ਕੁਮਾਰ ਗਰਗ



**ਧੂਰੀ ( ਰਣਜੀਤ ਸਿੰਘ ਪੇਧਨੀ )** ਭਾਰਤੀ ਜਨਤਾ ਪਾਰਟੀ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਸ ਦਰਸ਼ਨ ਸਿੰਘ ਨੈਣੇਵਾਲ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਦੀ ਟਿਕਟ ਦੇਣ ਦੀ ਮੰਗ ਕਰਦਿਆਂ ਭਾਰਤੀ ਜਨਤਾ ਪਾਰਟੀ ਸੰਗਰੂਰ ਦੇ ਮੈਡੀਕਲ ਵਿੰਗ ਦੇ ਕਨਵੀਨਰ ਵੈਂਕੇਸ਼ ਕੁਮਾਰ ਗਰਗ ਨੇ ਕਿਹਾ ਕਿ ਦਰਸ਼ਨ ਸਿੰਘ ਨੈਣੇਵਾਲ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਬਣਾਇਆ ਜਾਵੇ। ਉਹਨਾਂ ਕਿਹਾ ਕਿ ਜਦੋਂ ਪੰਜਾਬ ਦੇ ਕਿਸਾਨ ਦਿੱਲੀ ਦੀਆਂ ਸਰਹੱਦਾਂ ਤੇ ਬੈਠੇ ਸਨ ਉਸ ਵਕਤ ਪਿੰਡਾਂ ਵਿੱਚ ਕੋਈ ਵੀ ਵਿਅਕਤੀ ਭਾਰਤੀ ਜਨਤਾ ਪਾਰਟੀ ਦਾ ਨਾਂ ਲੈਣ ਨੂੰ ਤਿਆਰ ਨਹੀਂ ਸੀ। ਪਰ ਦਰਸ਼ਨ ਸਿੰਘ ਨੈਣੇਵਾਲ ਉਸ ਵਕਤ ਪਿੰਡਾਂ ਵਿੱਚ ਜਾ ਕੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰ ਰਹੇ ਸਨ। ਉਹਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਮੁੜ ਕੇਡਰ ਖੜਾ ਕੀਤਾ ਉਹਨਾਂ ਦੀ ਮਿਹਨਤ ਨੂੰ ਦੇਖਦਿਆਂ ਹੋਇਆਂ ਪਾਰਟੀ ਨੂੰ ਸੋਚ ਵਿਚਾਰ ਕੇ ਫੈਸਲਾ ਲੈ ਲੈਣਾ ਚਾਹੀਦਾ ਹੈ ਸੰਗਰੂਰ ਲੋਕ ਸਭਾ ਹਲਕੇ ਤੋਂ ਦਰਸ਼ਨ ਸਿੰਘ ਨੈਣੇਵਾਲ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਬਣਾਉਣ ਉਹ ਜਿੱਤਕੇ ਕੇਂਦਰ ਦੇ ਵਿੱਚ ਬਣਨ ਵਾਲੀ ਤੀਸਰੀ ਵਾਰ ਮੋਦੀ ਦੀ ਸਰਕਾਰ ਵਿੱਚ ਆਪਣਾ ਹੈ ਅਹਿਮ ਯੋਗਦਾਨ ਪਾਉਣਗੇ। ਇਸ ਮੌਕੇ ਉਹਨਾਂ ਦੇ ਨਾਲ ਕਿਸਾਨ ਵਿੰਗ ਬੀਜੇਪੀ ਦੇ ਸੀਨੀਅਰ ਆਗੂ ਜੋਗਿੰਦਰ ਸਿੰਘ ਖਾਲਸਾ ਹਾਜ਼ਰ ਸਨ।

## ਰੰਧਾਵਾ ਸਪੋਰਟਸ ਕਲੱਬ ਉਦੋਨੰਗਲ ਨੇ

# ਹਾਕੀ ਟੂਰਨਾਮੈਂਟ ਜਿੱਤਿਆ



**ਚੌਂਕ ਮਹਿਤਾ, 21 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਕੋਟਲੀ ਮੱਲ੍ਹੀਆਂ ਵਿਖੇ ਬਾਬਾ ਲਛਮਣ ਜਤੀ ਦੀ ਯਾਦ ‘ਚ 41ਵਾਂ ਹਾਕੀ ਟੂਰਨਾਮੈਂਟ ਕਰਵਾਇਆ ਗਿਆ ,ਜਿਸ ਵਿੱਚ ਨਾਮਵਰ ਪੰਚਾਇਤੀ ਟੀਮਾਂ ਨੇ ਭਾਗ ਲਿਆ।ਇਸ ਟੂਰਨਾਮੈਂਟ ‘ਚ ਰੰਧਾਵਾ ਸਪੋਰਟਸ ਕਲੱਬ ਉਦੋਨੰਗਲ ਦੀ ਹਾਕੀ ਟੀਮ ਨੇ ਕਪਤਾਨ ਹਰਮਨ ਮੋਟੇ ਦੀ ਅਗਵਾਈ ਹੇਠ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫਾਈਨਲ ‘ਚ ਲਾਹਿਰਕੇ ਦੀ ਟੀਮ ਨੂੰ ਹਰਾ ਕੇ ਪਹਿਲੀ ਪੁਜੀਸ਼ਨ ਹਾਸਲ ਕੀਤੀ ਤੇ ਇਸ ਟੂਰਨਾਮੈਂਟ ਨੂੰ ਆਪਣੇ ਨਾਮ ਕੀਤਾ।ਇਸ ਮੌਕੇ ਕਲੱਬ ਵੱਲੋਂ ਇੰਸਪੈਕਟਰ ਗੁਰਮੇਜ਼ ਸਿੰਘ ਰੰਧਾਵਾ,ਰਘਬੀਰ ਸਿੰਘ ਛੋਟਾ ਇਟਲੀ,ਨਵ ਸਵੀਡਨ,ਆਤਮਬੀਰ ਸਿੰਘ ਰੰਧਾਵਾ,ਦਵਿੰਦਰ ਸਿੰਘ ਜ਼ਿੰਦੂ ਰੰਧਾਵਾ,ਕਰਮ ਪੰਨੂ,ਜਤਿੰਦਰ ਸੋਨੂੰ,ਜੱਸ ਆਰਮੀ,ਬਿੱਕਾ ਪੰਨੂ,ਰਾਣਾ ਤੇ ਕੋਚ ਕਾਲਾ ਨੇ ਟੀਮ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਟੀਮ ਦੀ ਹੌਂਸਲਾ ਅਫਜਾਈ ਕੀਤੀ।

## ਓਏਸਿਸ ਦੇ ਸੀਈਓ ਨੇ ਅਪਰਾਧ ਲਈ ਸਿੱਖ ਭਾਈਚਾਰੇ ਤੋਂ ਮੁਆਫੀ ਮੰਗੀ

# ਕੂ ਕਲਕਸ ਕਲਾਂ ਅਤੇ ਤਾਲਿਬਾਨ ਦੇ ਨਾਲ ਸਿੱਖ ਯੂਥ ਯੂਕੇ ਦੀ ਤਸਵੀਰ ਨੂੰ ਕੀਤਾ ਸੀ ਸ਼ਾਮਲ

**ਨਵੀਂ ਦਿੱਲੀ, 21 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:-ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੌਹਨ ਬਾਰਨੇਬੀ ਨੂੰ ਧਰਮ, ਕੱਟੜਪੰਥ ਅਤੇ ਅੱਤਵਾਦ ਬਾਰੇ ਸਲਾਈਡਾਂ ਵਿੱਚ ਸਿੱਖ ਨੌਜਵਾਨ ਸੰਗਠਨ ਬਾਰੇ ਸਲਾਈਡ ਸ਼ਾਮਲ ਕਰਨ ਲਈ ਸਿੱਖ ਭਾਈਚਾਰੇ ਤੋਂ ਹੋਏ ਅਪਰਾਧ ਲਈ ਮੁਆਫੀ ਮੰਗਣ ਲਈ ਮਜਬੂਰ ਕੀਤਾ ਗਿਆ ਹੈ।ਕਈ ਸਿੱਖ ਸੰਸਥਾਵਾਂ ਅਤੇ ਭਾਈਚਾਰੇ ਦੇ ਮੈਂਬਰ ਕੂ ਕਲਕਸ ਕਲਾਂ ਅਤੇ ਤਾਲਿਬਾਨ ਦੇ ਨਾਲ ਸਿੱਖ ਯੂਥ ਯੂਕੇ ਦੀ ਤਸਵੀਰ ਨੂੰ ਸ਼ਾਮਲ ਕਰਨ ਤੋਂ ਨਾਰਾਜ਼ ਸਨ ਅਤੇ ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ ਨੂੰ ਚੁਣੌਤੀ ਦਿੱਤੀ ਸੀ। ਓਏਸਿਸ ਕਮਿਊਨਿਟੀ ਲਰਨਿੰਗ ਟਰੱਸਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੇ ਸਿੱਖ ਕੌਂਸਲ ਯੂਕੇ ਨੂੰ ਲਿਖੇ ਪੱਤਰ ਵਿੱਚ ਪੁਸ਼ਟੀ ਕੀਤੀ ਹੈ ਕਿ ਅਪਮਾਨਜਨਕ ਸਲਾਈਡਾਂ ਨੂੰ ਹੁਣ ਹਟਾ ਦਿੱਤਾ ਗਿਆ ਹੈ।



ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ ਨੂੰ ਆਮ ਤੌਰ ’ਤੇ ਬਹੁਤ ਉੱਚ ਪੱਧਰ ’ਤੇ ਰੱਖਿਆ ਜਾਂਦਾ ਹੈ ਅਤੇ 53 ਅਕੈਡਮੀਆਂ ਚਲਾਉਂਦਾ ਹੈ।

ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਕਿਹਾ “ਓਏਸਿਸ ਦੇ ਸੀਈਓ ਲਈ ਮਾਫੀ ਮੰਗਣਾ ਅਤੇ ਸਲਾਈਡਾਂ ਨੂੰ ਹਟਾਉਣਾ ਕਾਫ਼ੀ ਨਹੀਂ ਹੈ।ਇੱਕ ਨਾਮਵਰ ਸਿੱਖ ਸੰਗਠਨ ਅਤੇ ਇਸਦੇ ਸੰਸਥਾਪਕ ਨੂੰ ਨਿਸ਼ਾਨਾ ਬਣਾਉਣਾ, ਜਿਸਦੀ ਤਸਵੀਰ ਸਲਾਈਡਾਂ ਵਿੱਚ ਦਿਖਾਈ ਗਈ ਹੈ, ਨਿੰਦਣਯੋਗ ਹੈ ਅਤੇ ਅਜਿਹਾ ਕਦੇ ਨਹੀਂ ਹੋਣਾ ਚਾਹੀਦਾ ਸੀ।”

ਸਿੱਖ ਯੂਥ ਯੂਕੇ ਅਤੇ ਇਸਦੇ ਸੰਸਥਾਪਕ ਧੱਕੇਸ਼ਾਹੀ ਅਤੇ ਜਿਨਸੀ ਸ਼ਿੰਗਾਰ ਵਰਗੇ ਬਹੁਤ ਹੀ ਚੁਣੌਤੀਪੂਰਨ ਵਿਸ਼ਿਆਂ ਨਾਲ ਨਜਿੱਠਦੇ ਹਨ ਅਤੇ ਇਸ ਤਰ੍ਹਾਂ ਦੀ ਗਲਤ ਪੇਸ਼ਕਾਰੀ ਉਹਨਾਂ ਦੇ ਕੰਮ ਨੂੰ ਹੋਰ ਵੀ ਮੁਸ਼ਕਲ ਬਣਾਉਂਦੀ ਹੈ।”

“ਓਏਸਿਸ ਨੂੰ ਤੁਰੰਤ ਸਿੱਖ ਯੂਥ ਯੂਕੇ ਅਤੇ ਇਸਦੇ ਸੰਸਥਾਪਕ ਨੂੰ ਲਿਖ ਕੇ ਮੁਆਫੀ ਮੰਗਣੀ ਚਾਹੀਦੀ ਹੈ। ਉਸ ਦੀ ਤਸਵੀਰ ਦਿਖਾਉਣ ਨਾਲ ਉਸ ਨੂੰ ਅਪਰਾਧਿਕ ਗਰੋਹਾਂ ਤੋਂ ਖਤਰਾ ਪੈਦਾ ਹੋ ਜਾਂਦਾ ਹੈ ਅਤੇ ਇਸ ਦੇ ਟਰੱਸਟ ਲਈ ਗੰਭੀਰ ਕਾਨੂੰਨੀ ਅਤੇ ਹੋਰ ਨਤੀਜੇ ਵੀ ਹੋ ਸਕਦੇ ਹਨ।” “ਟਰੱਸਟ ਦੁਆਰਾ ਇਸ ਗੰਭੀਰ ਗਲਤ ਬਿਆਨੀ ਦੀ ਹਾਲਾਂਕਿ ਪੂਰੀ ਤਰ੍ਹਾਂ ਜਾਂਚ ਕੀਤੇ ਜਾਣ ਦੀ ਜ਼ਰੂਰਤ ਹੈ ਕਿਉਂਕਿ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਓਏਸਿਸ ਨਸਲੀ ਨਫ਼ਰਤ ਫੈਲਾ ਰਿਹਾ ਹੈ।”

ਉਨ੍ਹਾਂ ਨੂੰ ਇਹ ਸਥਾਪਿਤ ਕਰਨਾ ਚਾਹੀਦਾ ਹੈ ਕਿ ਇਹ ਕਿਵੇਂ ਸੀ ਹੋਣ ਦੀ ਇਜਾਜ਼ਤ ਦਿੱਤੀ ਗਈ, ਜੋ ਪੂਰੀ ਮਿਹਨਤ ਨਾਲ ਵਾਪਰਿਆ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰੋ ਜਿਨ੍ਹਾਂ ਨੇ ਇਸ ਗੰਭੀਰ ਗਲਤੀ ਨੂੰ ਵਾਪਰਨ ਦਿੱਤਾ ਤਾਂ ਜੋ ਅਜਿਹਾ ਦੁਬਾਰਾ ਕਦੇ ਨਾ ਹੋਵੇ।

“ਅਸੀਂ ਮੁਆਫ਼ੀਨਾਮੇ ਤੋਂ ਬਾਅਦ ਇਨ੍ਹਾਂ ਮਾਮਲਿਆਂ ਬਾਰੇ ਸੀਈਓ ਨੂੰ ਲਿਖਿਆ ਹੈ ਅਤੇ ਆਫ਼ਸਟੇਡ ਅਤੇ ਸਿੱਖਿਆ ਵਿਭਾਗ ਨੂੰ ਕਾਪੀ ਕੀਤਾ ਹੈ।”

“ਬਦਕਿਸਮਤੀ ਨਾਲ, ਇਹ ਇਸ ਤਰ੍ਹਾਂ ਦੀਆਂ ਗਲਤੀਆਂ ਹਨ ਜੋ ਆਲਸੀ ਸਿਵਲ ਸੇਵਕਾਂ ਦੁਆਰਾ ਸਰਕਾਰ ਦੀ ਨਵੀਂ ਕੱਟੜਪੰਥੀ ਪਰਿਭਾਸ਼ਾ ਦੇ ਤਹਿਤ ਇੱਕ ਜਾਂ ਦੋ ਸਿੱਖ ਸਮੂਹਾਂ ਨੂੰ ‘ਅਤਿਵਾਦੀ’ ਵਜੋਂ ਝੂਠਾ ਲੇਬਲ ਲਗਾਉਣ ਲਈ ਹਫ਼ਤਿਆਂ ਵਿੱਚ ਗਲਤ ਤਰੀਕੇ ਨਾਲ ਵਰਤੀਆਂ ਜਾ ਸਕਦੀਆਂ ਹਨ।”

“ਅਸੀਂ ਰਾਜਨੀਤਿਕ ਸ਼ੁੱਧਤਾ ਦੇ ਕਾਰਨਾਂ ਕਰਕੇ ਸਿੱਖ ਸਮੂਹਾਂ ਨੂੰ ਝੂਠੇ ਕੱਟੜਪੰਥੀ ਲੇਬਲ ਨਹੀਂ ਹੋਣ ਦੇਵਾਂਗੇ।

# ਸ਼ਹੀਦ ਭਾਈ ਰਸਾਲ ਸਿੰਘ ਆਰਫ਼ਕੇ ਦੇ 40ਵੇਂ ਸ਼ਹੀਦੀ ਸਮਾਗਮ ’ਚ ਪੁੱਜਣ ਸੰਗਤਾਂ: ਭਾਈ ਰਣਜੀਤ ਸਿੰਘ ਦਮਦਮੀ ਟਕਸਾਲ



**ਅੰਮ੍ਰਿਤਸਰ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਜੂਨ 1984 ਦੇ ਘੱਲੂਘਾਰੇ ’ਚ ਸ਼ਹਾਦਤ ਦਾ ਜਾਮ ਪੀਣ ਵਾਲੇ ਦਮਦਮੀ ਟਕਸਾਲ ਦੇ ਨਾਮਵਰ ਜੁਝਾਰੂ ਯੋਧੇ ਅਮਰ ਸ਼ਹੀਦ ਭਾਈ ਰਸਾਲ ਸਿੰਘ ਆਰਫ਼ਕੇ ਦੀ ਯਾਦ ’ਚ ਮਹਾਨ ਸ਼ਹੀਦੀ ਸਮਾਗਮ ਉਹਨਾਂ ਦੇ ਗ੍ਰਹਿ ਪਿੰਡ ਆਰਫ਼ਕੇ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ 22 ਮਾਰਚ 2024 ਨੂੰ ਹੋਵੇਗਾ।ਇਹ ਜਾਣਕਾਰੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ) ਨੇ ਸਾਂਝੀ ਕਰਦਿਆਂ ਦੱਸਿਆ ਕਿ ਵੀਹਵੀਂ ਸਿੱਖ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੋਦ੍ਹਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਨਾਲ ਭਾਈ ਰਸਾਲ ਸਿੰਘ ਆਰਫ਼ਕੇ 6 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਲਈ ਜੂਝਦੇ ਹੋਏ ਸ਼ਹੀਦੀ ਪਾ ਗਏ ਸਨ।22 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਤੇ ਉਪਰੰਤ ਦੀਵਾਨ ਸਜਾਏ ਜਾਣਗੇ। ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਜੱਥਿਆਂ ਤੋਂ ਇਲਾਵਾ ਸਿੱਖ ਕੌਮ ਦੇ ਮਹਾਂਪੁਰਸ਼ਾਂ, ਧਾਰਮਿਕ ਜਥੇਬੰਦੀਆਂ ਦੇ ਆਗੂ ਸੰਤ ਬਾਬਾ ਅਵਤਾਰ ਸਿੰਘ ਜੀ ਦਲ ਪੰਥ ਬਾਬਾ ਬਿਧੀ ਚੰਦ ਸੁਰ ਸਿੰਘ ਵਾਲੇ, ਬਾਬਾ ਸ਼ਿੰਦਰ ਸਿੰਘ ਸਭਰਾਵਾਂ ਵਾਲੇ, ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਰਪ੍ਰਸਤ ਇਟਰਨੈਸ਼ਨਲ ਪੰਥਕ ਦਲ), ਦਾਸ ਰਣਜੀਤ ਸਿੰਘ ਦਮਦਮੀ ਟਕਸਾਲ (ਮੁੱਖ ਸੇਵਾਦਾਰ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ), ਜੁਝਾਰੂ ਭਾਈ ਗੁਰਨਾਮ ਸਿੰਘ ਬੰਡਾਲਾ ਦਮਦਮੀ ਟਕਸਾਲ, ਬਾਬਾ ਸੱਜਣ ਸਿੰਘ ਮੁੱਖ ਸਲਾਹਕਾਰ ਇਟਰਨੈਸ਼ਨਲ ਪੰਥਕ ਦਲ, ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਬੰਡਾਲਾ ਦਮਦਮੀ ਟਕਸਾਲ ਬੁੱਕਣ ਖਾਂ ਵਾਲੇ, ਭਾਈ ਲਖਬੀਰ ਸਿੰਘ ਮਹਾਲਮ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਭਾਈ ਇਕਬਾਲ ਸਿੰਘ ਚੱਬਾ, ਜਥੇਦਾਰ ਪਰਗਟ ਸਿੰਘ ਵਾਹਕਾ, ਭਾਈ ਤੇਜਿੰਦਰ ਸਿੰਘ ਦਿਉਲ ਪੰਜਾਬ ਪ੍ਰਧਾਨ ਯੂਥ ਸ਼੍ਰੋਮਣੀ ਅਕਾਲੀ ਦਲ ਮਾਨ, ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਮਾਨ ਪੀ.ਪੀ ਮੈਂਬਰ, ਜਗਜੀਤ ਸਿੰਘ ਦਫਤਰ ਇਨਚਾਰਜ ਸ਼੍ਰੋਮਣੀ ਅਕਾਲੀ ਦਲ ਮਾਨ, ਭਾਈ ਦਲਜੀਤ ਸਿੰਘ ਮਹਾਲਮ ਪ੍ਰਧਾਨ ਸਾਈ ਮੀਆਂ ਮੀਰ ਫਾਊਂਡੇਸ਼ਨ, ਸੁਖਜਿੰਦਰ ਸਿੰਘ ਪ੍ਰਧਾਨ ਆਰਫਕੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਪਹੁੰਚਣਗੇ। ਭਾਈ ਰਣਜੀਤ ਸਿੰਘ ਨੇ ਅੱਗੇ ਦੱਸਿਆ ਕਿ ਭਾਵੇਂ ਸ਼ਹੀਦ ਭਾਈ ਰਸਾਲ ਸਿੰਘ ਆਰਫ਼ਕੇ ਦਾ ਸ਼ਹੀਦੀ ਸਮਾਗਮ ਜੂਨ ਮਹੀਨੇ ਵਿਚ ਹੁੰਦਾ ਹੈ, ਪਰ ਪਰਿਵਾਰਕ ਮੈਂਬਰਾਂ ਨੇ ਉਸ ਮਹੀਨੇ ਜਿਆਦਾ ਸਮਾਗਮ ਹੋਣ ਕਰਕੇ ਇਸ ਮਹੀਨੇ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ’ਤੇ ਨਿਹੰਗ ਸਿੰਘਾਂ ਵੱਲੋਂ ਗੱਤਕੇ ਦੇ ਜ਼ੌਹਰ ਵਿਖਾਏ ਜਾਣਗੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਮੂਹ ਜਥੇਬੰਦੀਆਂ ਦੇ ਆਗੂਆਂ, ਧਾਰਮਿਕ ਆਗੂਆਂ, ਪੰਥਕ ਹਿਤੈਸ਼ੀਆਂ ਅਤੇ ਸੰਗਤਾਂ ਨੂੰ ਪੁੱਜਣ ਦੀ ਅਪੀਲ ਕੀਤੀ ਕਿ ਉਹ 22 ਮਾਰਚ 2024 ਨੂੰ ਪਹੁੰਚ ਕੇ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਗੁਰਪਤਵੰਤ ਸਿੰਘ ਪੰਨੂ ਵੱਲੋਂ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਦਿੱਤਾ ਮੂੰਹ ਤੋੜਵਾਂ ਜਵਾਬ

# ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਚੇ ਅਤੇ ਸੁੱਚੇ ਮਿਸ਼ਨ ਨੂੰ ਸਮਝਣ ਦੀ ਕੋਸ਼ਿਸ਼ ਕਰੋ

**ਵਿਚਾਰ ਆਪੋ-ਆਪਣਾ**

**ਅੰਮ੍ਰਿਤਸਰ, 21 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਕਿਹਾ ਕਿ ਹਾਲ ਹੀ ਵਿਚ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋਏ ਅਮਰੀਕਾ ’ਚ ਭਾਰਤ ਦੇ ਰਾਜਦੂਤ ਰਹੇ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਖਾਲਿਸਤਾਨੀ ਆਤੰਕੀ ਗੁਰਪਤਵੰਤ ਪੰਨੂ ਵੱਲੋਂ ਜਾਨੋਂ ਮਾਰਨ ਦੀ ਦਿੱਤੀ ਗਈ ਧਮਕੀ ਨੇ ਸਿੱਖ ਭਾਈਚਾਰੇ ਨੂੰ ਬਹੁਤ ਨਿਰਾਸ਼ ਤੇ ਸ਼ਰਮਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਨੂ ਉਸ ਵਿਅਕਤੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ ਜਿਸ ਦੇ ਪਰਿਵਾਰ ਦੀਆਂ ਪੰਥ ਨੂੰ ਬਹੁਤ ਵੱਡੀਆਂ ਦੇਣ ਹਨ। ਸਰਦਾਰ ਸੰਧੂ ਉਸ ਖ਼ਾਨਦਾਨ ਦਾ ਰੋਸ਼ਨ ਚਿਰਾਗ. ਹੈ, ਜਿਸ ਦੇ ਸ਼ਹੀਦ ਦਾਦਾ ਜੀ ਵੱਲੋਂ ਗੁਰਦੁਆਰਾ ਸੁਧਾਰ ਲਹਿਰ ’ਚ ਪਾਏ ਗਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਦੇ ਨਾਮ ’ਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਹਾਲ ਵਜੋਂ ਸ਼੍ਰੋਮਣੀ ਕਮੇਟੀ ਦਾ ਮੁੱਖ ਦਫ਼ਤਰ ਅੱਜ ਵੀ ਪੂਰੀ ਸ਼ਾਨੋ-ਸ਼ੌਕਤ ਨਾਲ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਬਾਤ ਪਾ ਰਿਹਾ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਪੰਨੂ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ ਪਰ ਉਸ ਦਾ ਕਿਰਦਾਰ ਸਿੱਖੀ ਸਿਧਾਂਤਾਂ ਤੋਂ ਕੋਹਾਂ ਦੂਰ ਹੈ। ਉਨ੍ਹਾਂ ਪੰਨੂ ਨੂੰ ਸੁਝਾਅ ਦਿੱਤਾ ਕਿ ਉਹ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਚੇ ਅਤੇ ਸੁੱਚੇ ਮਿਸ਼ਨ ਨੂੰ ਸਮਝਣ ਦੀ ਕੋਸ਼ਿਸ਼ ਕਰੇ। ਉਨ੍ਹਾਂ ਨੇ ਪੰਨੂ ਨੂੰ ਭਟਕਿਆ ਹੋਇਆ ਅਤੇ ਦੂਜਿਆਂ ਨੂੰ ਕੁਰਾਹੇ ਪਾਉਣ ਵਾਲਾ ਮਨਮੁਖ ਦੱਸਦਿਆਂ ਕਿਹਾ ਕਿ ਉਹ ਗੁਰੂ ਸਾਹਿਬ ਦੇ ਕਿਸੇ ਵੀ ਸਿਧਾਂਤ ਵਿਚ ਫਿਟ ਨਹੀਂ ਬੈਠਦਾ। ਉਸ ਨੂੰ ਆਪਣੀਆਂ ਅਜਿਹੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਸਿੱਖ ਫ਼ਲਸਫ਼ਾ ’ਚ ਬੇਮਤਲਬ ਦੀ ਹਿੰਸਾ ਜਾਂ ਹਿੰਸਾ ਦੀ ਧਮਕੀ ਲਈ ਕੋਈ ਜਗਾ ਨਹੀਂ। ” ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥” ਗੁਰੂ ਨਾਨਕ ਦੇ ਫ਼ਲਸਫ਼ੇ ਤੋਂ ਅਣਜਾਣ ਸਿੱਖ ਫ਼ਾਰ ਜਸਟਿਸ ਦਾ ਆਪੇ ਬਣੇ ਆਗੂ ਪੰਨੂ ਪਾਕਿਸਤਾਨ ਦਾ ਹੱਥ ਠੋਕਾ ਬਣ ਕੇ ‘ਭੈ’ ਦਾ ਵਪਾਰ ਕਰਦਿਆਂ ਭਾਰਤੀਆਂ ਨੂੰ ਡਰਾ ਧਮਕਾ ਕੇ ਆਪਣੀ ਦੁਕਾਨ ਚਲਾ ਰਹਾ ਹੈ। ਉਹ ਕਦੀ ਗੁਰੂ ਨਗਰੀ ਅੰਮ੍ਰਿਤਸਰ, ਚਿੰਤਪੁਰਨੀ, ਧਰਮਸ਼ਾਲਾ ਅਤੇ ਵਿਦੇਸ਼ਾਂ ’ਚ ਹਿੰਦੂ ਮੰਦਰਾਂ ’ਤੇ ਖ਼ਾਲਿਸਤਾਨ ਪੱਖੀ ਨਾਅਰੇ ਲਿਖਵਾ ਕੇ ਲੋਕਾਂ ’ਚ ’ਦਹਿਸ਼ਤ’ ਪੈਦਾ ਕਰਦਿਆਂ ਪਾਕਿਸਤਾਨ ਦੇ ਭਾਰਤ ਵਿਰੋਧੀ ਮਨਸੂਬਿਆਂ ਨੂੰ ਹਾਸਲ ਕਰਨ ਦੀ ਨਾਕਾਮ ਕੋਸ਼ਿਸ਼ ਕਰਦਾ ਹੈ। ਪਰ ਹੁਣ ਸਮਾਂ ਬਦਲ ਚੁਕਾ ਹੈ। ਵੱਖਵਾਦ ਦਾ ਹੁਣ ਪੰਜਾਬ ਅਤੇ ਭਾਰਤ ’ਚ ਕੋਈ ਸਮਰਥਕ ਨਹੀਂ ਰਿਹਾ। ਵਿਦੇਸ਼ੀ ਧਰਤੀ ’ਤੇ ਵੀ ਪੰਨੂ ਦੀ ਭਾਰਤੀਆਂ ’ਚ ਫੁੱਟ ਪਾਉਣ ਦੀ ਨੀਤੀ ਤੋਂ ਭਾਰਤੀ ਭਾਈਚਾਰਾ ਸੁਚੇਤ ਹੋ ਚੁਕਾ ਹੈ। ਇਹ ਬਦਲਾਅ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਦੇ ਪੱਖ ’ਚ ਚੁੱਕੇ ਗਏ ਠੋਸ ਕਦਮਾਂ ਦੇ ਸਿੱਟੇ ਵਜੋਂ ਆਇਆ ਹੈ। ਪਰਵਾਸੀ ਸਿੱਖਾਂ ਵੱਲੋਂ ਭਾਰਤ ਨੂੰ ਦਿੱਤੇ ਜਾ ਰਹੇ ਸਹਿਯੋਗ ਤੋਂ ਪੰਨੂ ਐਂਡ ਕੰਪਨੀ ਬੌਖਲਾਹਟ ’ਚ ਹੈ। ਇਕ ਸਿੱਖ ਵਜੋਂ ਸ. ਸੰਧੂ





ਦਾ ਅਮਰੀਕਾ ਵਰਗੇ ਦੇਸ਼ ’ਚ ਭਾਰਤੀ ਰਾਜਦੂਤ ਹੋਣਾ ਅਤੇ ਅਜੈਪਾਲ ਸਿੰਘ ਬਾਂਗਾ ਦਾ ਵਿਸ਼ਵ ਬੈਂਕ ਦਾ ਮੁਖੀ ਬਣਨਾ ਸਮੂਹ ਸਿੱਖ ਭਾਈਚਾਰੇ ਲਈ ਮਾਣ ਵਾਲੀ ਗਲ ਹੈ। ਅਮਰੀਕਾ ਦੀ ਵਕਾਰੀ ਸਿੱਖ ਸੰਸਥਾ ਸਿੱਖ ਫ਼ਾਰ ਅਮਰੀਕਾ ਤਰਨਜੀਤ ਸਿੰਘ ਸੰਧੂ ਨੂੰ ’ਸਿੱਖ ਹੀਰੋ ਅਵਾਰਡ’ ਨਾਲ ਸਨਮਾਨਿਤ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਨੂ ਨੂੰ ਚੇਤਾ ਹੋਣਾ ਚਾਹੀਦਾ ਹੈ ਕਿ ਉਸ ਵੱਲੋਂ ਸਿੱਖਾਂ ਨੂੰ 19 ਨਵੰਬਰ ਨੂੰ ਏਅਰ ਇੰਡੀਆ ’ਚ ਸਫ਼ਰ ਨਾ ਕਰਨ ਬਾਰੇ ਦਿੱਤੇ ਗਏ ਸੱਦੇ ਨੂੰ ਹਰੇਕ ਸਿੱਖ ਨੇ ਨਜ਼ਰਅੰਦਾਜ਼ ਹੀ ਨਹੀਂ ਕੀਤਾ ਸੀ ਸਗੋਂ ਉਸ ਦਿਨ ਏਅਰ ਇੰਡੀਆ ’ਚ ਸਫ਼ਰ ਕਰਦਿਆਂ ਅੰਮ੍ਰਿਤਸਰ ਪਹੁੰਚਣ ਵਾਲੇ ਮਨੁੱਖੀ ਅਧਿਕਾਰ ਸੰਗਠਨ ਦੇ ਪ੍ਰਤੀਨਿਧ ਰਵੀਰੰਜਨ ਸਿੰਘ ਨੇ ਪੰਨੂ ਨੂੰ ਸਿੱਖੀ ਦੀ ਟਿਊਸ਼ਨ ਲੈਣ ਦਾ ਸਬਕ ਤਕ ਪੜਾਇਆ ਸੀ। ਪੰਨੂ ਵੱਲੋਂ ਸਤੰਬਰ ’ਚ ਭਾਰਤੀ ਰਾਜਦੂਤ ਸਮੇਤ ਸਾਰੇ ਹਿੰਦੂਆਂ ਨੂੰ ਕੈਨੇਡਾ ਛੱਡ ਜਾਣ ਦੀ ਅਸਭਿਅਕ ਧਮਕੀ ਦੇ ਚੁਕਾ ਹੈ। ਉਨ੍ਹਾਂ ਕਿਹਾ ਕਿ ਪੰਨੂ ਦੀ ਕਿਸੇ ਵੀ ਗਲ ’ਚ ਨੌਜਵਾਨਾਂ ਨੂੰ ਹੁਣ ਕੋਈ ਦਿਲਚਸਪੀ ਨਹੀਂ ਰਹੀ ਹੈ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਆਈ ਐਸ ਆਈ ਦੇ ਇਸ਼ਾਰੇ ’ਤੇ ਪੰਨੂ ਵੱਲੋਂ ਪ੍ਰਾਪੇਗੰਡਾ ਅਤੇ ਅਫ਼ਵਾਹ ਫੈਲਾ ਕੇ ਭਾਰਤ ਦੀ ਏਕਤਾ ਅਖੰਡਤਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ।

।ਉਹ ਹੁਣ ਪੰਨੂ ਐਂਡ ਕੰਪਨੀ ਦੀਆਂ ਹਰਕਤਾਂ ਨੂੰ ਮੂਕ ਦਰਸ਼ਕ ਬਣ ਕੇ ਨਹੀਂ ਦੇਖਦੇ ਸਗੋਂ ਸੜਕਾਂ ’ਤੇ ਉਤਰ ਕੇ ਉਨ੍ਹਾਂ ਦਾ ਸਮੂਹਿਕ ਰੂਪ ’ਚ ਟਾਕਰਾ ਵੀ ਕਰ ਰਹੇ ਹਨ। ਇਹ ਬਦਲਾਅ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਦੇ ਪੱਖ ’ਚ ਚੁੱਕੇ ਗਏ ਠੋਸ ਕਦਮਾਂ ਦੇ ਸਿੱਟੇ ਵਜੋਂ ਆਇਆ ਹੈ। ਪਰਵਾਸੀ ਸਿੱਖਾਂ ਵੱਲੋਂ ਭਾਰਤ ਨੂੰ ਦਿੱਤੇ ਜਾ ਰਹੇ ਸਹਿਯੋਗ ਤੋਂ ਪੰਨੂ ਐਂਡ ਕੰਪਨੀ ਬੌਖਲਾਹਟ ’ਚ ਹੈ। ਇਕ ਸਿੱਖ ਵਜੋਂ ਸ. ਸੰਧੂ ਦਾ ਅਮਰੀਕਾ ਵਰਗੇ ਦੇਸ਼ ’ਚ ਭਾਰਤੀ ਰਾਜਦੂਤ ਹੋਣਾ ਅਤੇ ਅਜੈਪਾਲ ਸਿੰਘ ਬਾਂਗਾ ਦਾ ਵਿਸ਼ਵ ਬੈਂਕ ਦਾ ਮੁਖੀ ਬਣਨਾ ਸਮੂਹ ਸਿੱਖ ਭਾਈਚਾਰੇ ਲਈ ਮਾਣ ਵਾਲੀ ਗਲ ਹੈ। ਅਮਰੀਕਾ ਦੀ ਵਕਾਰੀ ਸਿੱਖ ਸੰਸਥਾ ਸਿੱਖ ਫ਼ਾਰ ਅਮਰੀਕਾ ਤਰਨਜੀਤ ਸਿੰਘ ਸੰਧੂ ਨੂੰ ’ਸਿੱਖ ਹੀਰੋ ਅਵਾਰਡ’ ਨਾਲ ਸਨਮਾਨਿਤ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਨੂ ਨੂੰ ਚੇਤਾ ਹੋਣਾ ਚਾਹੀਦਾ ਹੈ ਕਿ ਉਸ ਵੱਲੋਂ ਸਿੱਖਾਂ ਨੂੰ 19 ਨਵੰਬਰ ਨੂੰ ਏਅਰ ਇੰਡੀਆ ’ਚ ਸਫ਼ਰ ਨਾ ਕਰਨ ਬਾਰੇ ਦਿੱਤੇ ਗਏ ਸੱਦੇ ਨੂੰ ਹਰੇਕ ਸਿੱਖ ਨੇ ਨਜ਼ਰਅੰਦਾਜ਼ ਹੀ ਨਹੀਂ ਕੀਤਾ ਸੀ ਸਗੋਂ ਉਸ ਦਿਨ ਏਅਰ ਇੰਡੀਆ ’ਚ ਸਫ਼ਰ ਕਰਦਿਆਂ ਅੰਮ੍ਰਿਤਸਰ ਪਹੁੰਚਣ ਵਾਲੇ ਮਨੁੱਖੀ ਅਧਿਕਾਰ ਸੰਗਠਨ ਦੇ ਪ੍ਰਤੀਨਿਧ ਰਵੀਰੰਜਨ ਸਿੰਘ ਨੇ ਪੰਨੂ ਨੂੰ ਸਿੱਖੀ ਦੀ ਟਿਊਸ਼ਨ ਲੈਣ ਦਾ ਸਬਕ ਤਕ ਪੜਾਇਆ ਸੀ। ਪੰਨੂ ਵੱਲੋਂ ਸਤੰਬਰ ’ਚ ਭਾਰਤੀ ਰਾਜਦੂਤ ਸਮੇਤ ਸਾਰੇ ਹਿੰਦੂਆਂ ਨੂੰ ਕੈਨੇਡਾ ਛੱਡ ਜਾਣ ਦੀ ਅਸਭਿਅਕ ਧਮਕੀ ਦੇ ਚੁਕਾ ਹੈ। ਉਨ੍ਹਾਂ ਕਿਹਾ ਕਿ ਪੰਨੂ ਦੀ ਕਿਸੇ ਵੀ ਗਲ ’ਚ ਨੌਜਵਾਨਾਂ ਨੂੰ ਹੁਣ ਕੋਈ ਦਿਲਚਸਪੀ ਨਹੀਂ ਰਹੀ ਹੈ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਆਈ ਐਸ ਆਈ ਦੇ ਇਸ਼ਾਰੇ ’ਤੇ ਪੰਨੂ ਵੱਲੋਂ ਪ੍ਰਾਪੇਗੰਡਾ ਅਤੇ ਅਫ਼ਵਾਹ ਫੈਲਾ ਕੇ ਭਾਰਤ ਦੀ ਏਕਤਾ ਅਖੰਡਤਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ।

**ਸਿੱਖ ਫ਼ਲਸਫ਼ਾ ’ਚ ਬੇਮਤਲਬ ਦੀ ਹਿੰਸਾ ਜਾਂ ਹਿੰਸਾ ਦੀ ਧਮਕੀ ਲਈ ਕੋਈ ਜਗਾ ਨਹੀਂ**